ਸਾਂਝੀ ਸੋਚ ਅਖ਼ਬਾਰ
ਅਤੇ ਟੀ.ਵੀ ਨਾਲ
ਜੁੜਨ ਲਈ
ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App
'ਤੇ ਵੀ ਉਪਲਬਧ

VOL-13 ISSUE 2650 21 November, 2026 Saturday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਟਰੰਪ ਪ੍ਰਸ਼ਾਸਨ ਦੀਆਂ ਆਈਸ ਕਾਰਵਾਈਆਂ ਦੀ ਜਾਂਚ ਦੀ ਮੰਗ
20 ਅਟਾਰਨੀ ਜਨਰਲਾਂ ਨੇ ਕਾਂਗਰਸ ਨੂੰ ਲਿਖਿਆ ਪੱਤਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਆਈਸ ਦੀਆਂ ਕਾਰਵਾਈਆਂ ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। 18 ਨਵੰਬਰ 2026 ਨੂੰ ਕੈਲੀਫੋਰਨੀਆ ਸਮੇਤ 19 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਦੇ ਅਟਾਰਨੀ ਜਨਰਲਾਂ ਨੇ ਅਮਰੀਕੀ ਕਾਂਗਰਸ ਨੂੰ ਪੱਤਰ ਲਿਖ ਕੇ ਇਮੀਗ੍ਰੇਸ਼ਨ ਵਿਭਾਗ ਦੀਆਂ ਕਾਰਵਾਈਆਂ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਦੌਰਾਨ ਆਈਸ ਅਤੇ ਹੋਰ ਫੈਡਰਲ ਇਮੀਗ੍ਰੇਸ਼ਨ ਅਧਿਕਾਰੀਆਂ ਵਿਰੁੱਧ ਤਾਕਤ ਦੀ ਗਲਤ ਵਰਤੋਂ, ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਅਤੇ ਸਰਕਾਰੀ ਪੈਸੇ ਦੇ ਪ੍ਰਬੰਧ ਬਾਰੇ ਗੰਭੀਰ ਸਵਾਲ ਉੱਠੇ ਹਨ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨੇ ਕਿਹਾ ਕਿ ਸਰਕਾਰੀ ਅਧਿਕਾਰੀ ਵੀ ਕਾਨੂੰਨ ਤੋਂ ਉੱਪਰ ਨਹੀਂ ਹਨ। ਜੇ ਕਿਸੇ ਅਧਿਕਾਰੀ ਨੇ ਆਪਣੀਆਂ ਤਾਕਤਾਂ ਦੀ ਗਲਤ ਵਰਤੋਂ ਕੀਤੀ ਹੈ, ਤਾਂ ਉਸ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਅਟਾਰਨੀ ਜਨਰਲਾਂ ਨੇ ਦਾਅਵਾ ਕੀਤਾ ਹੈ ਕਿ ਟਰੰਪ ਦੇ ਮੁੜ ਰਾਸ਼ਟਰਪਤੀ ਬਣਨ ਤੋਂ ਬਾਅਦ ਵੱਖ-ਵੱਖ ਸ਼ਹਿਰਾਂ ਵਿੱਚ ਇਮੀਗ੍ਰੇਸ਼ਨ ਕਾਰਵਾਈਆਂ ਦੌਰਾਨ ਲੋਕਾਂ ਦੇ ਜ਼ਖ਼ਮੀ ਹੋਣ ਅਤੇ ਅਧਿਕਾਰੀਆਂ ਵੱਲੋਂ ਵੱਧ ਤਾਕਤ ਵਰਤਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਕਾਂਗਰਸ ਆਈਸ, ਬਾਰਡਰ ਪੈਟਰੋਲ ਅਤੇ ਹੋਮਲੈਂਡ ਸਕਿਉਰਿਟੀ ਵਿਭਾਗ ਦੀਆਂ ਕਾਰਵਾਈਆਂ ਦੀ ਜਾਂਚ ਕਰੇ।

ਖ਼ਾਸ ਤੌਰ ਉੱਤੇ ਇਹ ਪਤਾ ਲਗਾਇਆ ਜਾਵੇ ਕਿ ਗ੍ਰਿਫ਼ਤਾਰੀਆਂ ਅਤੇ ਹਿਰਾਸਤ ਵਿੱਚ ਲੋਕਾਂ ਨਾਲ ਕਿਵੇਂ ਪੇਸ਼ ਆਇਆ ਜਾਂਦਾ ਹੈ ਅਤੇ ਸਰਕਾਰੀ ਅਧਿਕਾਰੀ ਕਾਨੂੰਨੀ ਹੱਦਾਂ ਅੰਦਰ ਕੰਮ ਕਰ ਰਹੇ ਹਨ ਜਾਂ ਨਹੀਂ। ਜਨਵਰੀ 2027 ਵਿੱਚ ਨਵੀਂ ਕਾਂਗਰਸ ਦੇ ਕੰਮ ਸੰਭਾਲਣ ਤੋਂ ਬਾਅਦ ਇਸ ਮੁੱਦੇ ਉੱਤੇ ਸੁਣਵਾਈਆਂ ਹੋਣ ਦੀ ਮੰਗ ਕੀਤੀ ਗਈ ਹੈ।

ਏਸ਼ੀਆਈ ਪ੍ਰਵਾਸੀਆਂ ਦੀਆਂ ਡਿਪੋਰਟੇਸ਼ਨਾਂ ਵਿੱਚ ਵੱਡਾ ਵਾਧਾ: ਰਿਪੋਰਟ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਸਟੋਪ ਆਪੀ ਹੇਟ ਨਾਮਕ ਸੰਸਥਾ ਦੀ ਨਵੀਂ ਰਿਪੋਰਟ ਮੁਤਾਬਕ, ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ਏਸ਼ੀਆਈ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ, ਹਿਰਾਸਤਾਂ ਅਤੇ ਡਿਪੋਰਟੇਸ਼ਨਾਂ ਵਿੱਚ ਤੇਜ਼ ਵਾਧਾ ਹੋਇਆ ਹੈ। ਐਨ.ਬੀ.ਸੀ ਲਾਸ ਏਂਜਲਸ ਦੀ ਰਿਪੋਰਟ ਅਨੁਸਾਰ, ਸੰਸਥਾ ਨੇ ਜਨਤਕ ਰਿਕਾਰਡਾਂ ਦੇ ਨਾਲ ਫਰੀਡਮ ਆਫ ਇਨਮਾਰਮੇਸ਼ਨ ਐਕਟ ਰਾਹੀਂ ਮਿਲੇ ਸਰਕਾਰੀ ਅੰਕੜਿਆਂ ਦੀ ਜਾਂਚ ਕੀਤੀ ਅਤੇ ਏਸ਼ੀਆਈ ਭਾਈਚਾਰਿਆਂ ਦੇ ਲੋਕਾਂ ਤੋਂ ਸਰਵੇਖਣ ਵੀ ਕੀਤੇ। ਰਿਪੋਰਟ ਕਹਿੰਦੀ ਹੈ ਕਿ 20 ਜਨਵਰੀ 2025 ਤੋਂ 6 ਅਗਸਤ 2026 ਤੱਕ 9,900 ਤੋਂ ਵੱਧ ਏਸ਼ੀਆਈ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ।

ਸੰਸਥਾ ਨੇ ਇਸ ਵਾਧੇ ਨੂੰ ਪਿਛਲੇ ਤੁਲਨਾਤਮਕ ਅੰਕੜਿਆਂ ਨਾਲੋਂ ਲਗਭਗ 1,100 ਫ਼ੀਸਦੀ ਦੱਸਿਆ ਹੈ। ਇਸੇ ਮਿਆਦ ਬਾਰੇ ਰਿਪੋਰਟ ਵਿੱਚ 21,480 ਤੋਂ ਵੱਧ ਗ੍ਰਿਫ਼ਤਾਰੀਆਂ ਅਤੇ 19,148 ਹਿਰਾਸਤਾਂ ਦਾ ਜ਼ਿਕਰ ਹੈ। ਇਹ ਸਟੋਪ ਆਪੀ ਹੇਟ ਦੇ ਵਿਸ਼ਲੇਸ਼ਣ ਦੇ ਅੰਕੜੇ ਹਨ; ਸਰਕਾਰੀ ਅਧਿਕਾਰੀਆਂ ਵੱਲੋਂ ਇਸ ਰਿਪੋਰਟ ਦੀ ਕੋਈ ਵੱਖਰੀ ਪੁਸ਼ਟੀ ਇੱਥੇ ਨਹੀਂ ਦਿੱਤੀ ਗਈ। ਰਿਪੋਰਟ ਅਨੁਸਾਰ, ਏਸ਼ੀਆਈ ਗ੍ਰਿਫ਼ਤਾਰੀਆਂ ਦਾ ਸਭ ਤੋਂ ਵੱਡਾ ਹਿੱਸਾ ਕੈਲੀਫੋਰਨੀਆ ਵਿੱਚ ਸੀ, ਜਿੱਥੇ ਰਾਸ਼ਟਰੀ ਕੁੱਲ ਦਾ ਲਗਭਗ ਚੌਥਾ ਹਿੱਸਾ ਦਰਜ ਕੀਤਾ ਗਿਆ। ਟੈਕਸਸ 13 ਫ਼ੀਸਦੀ ਨਾਲ ਦੂਜੇ ਅਤੇ ਨਿਊਯਾਰਕ 9 ਫ਼ੀਸਦੀ ਨਾਲ ਅਗਲੇ ਸਥਾਨ 'ਤੇ ਦੱਸੇ ਗਏ। ਭਾਰਤੀ ਨਾਗਰਿਕਾਂ ਦਾ ਹਿੱਸਾ ਏਸ਼ੀਆਈ ਆਈਸ ਗ੍ਰਿਫ਼ਤਾਰੀਆਂ ਵਿੱਚ 29 ਫ਼ੀਸਦੀ ਸੀ; ਚੀਨੀ ਨਾਗਰਿਕਾਂ ਦਾ 25 ਫ਼ੀਸਦੀ। ਸੰਸਥਾ ਦੇ ਸਰਵੇਖਣ ਵਿੱਚ ਅੱਧੇ ਤੋਂ ਵੱਧ ਜਵਾਬ ਦੇਣ ਵਾਲਿਆਂ ਨੇ ਕਿਹਾ ਕਿ ਉਨ੍ਹਾਂ ਨੇ ਇਮੀਗ੍ਰੇਸ਼ਨ ਵਿਰੋਧੀ ਮਾਹੌਲ ਦਾ ਅਸਰ ਮਹਿਸੂਸ ਕੀਤਾ। ਲਗਭਗ 30 ਫ਼ੀਸਦੀ ਨੇ ਗ੍ਰਿਫ਼ਤਾਰੀ ਜਾਂ ਡਿਪੋਰਟੇਸ਼ਨ ਦਾ ਡਰ ਜਾਂ ਤਜਰਬਾ ਦੱਸਿਆ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space available for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਰੈਬਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Inderjeet Singh Mann
CA Lic# 0H82488
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

ਕੈਨੇਡਾ ਦੀ ਸਿਹਤ-ਸੰਭਾਲ ਪ੍ਰਣਾਲੀ ਬਾਰੇ ਅੰਤਰਰਾਸ਼ਟਰੀ ਵਿਦਿਆਰਥੀ ਨੂੰ ਕੀ ਜਾਣਨਾ ਚਾਹੀਦਾ ਹੈ?

ਕੀ ਤੁਸੀਂ ਕੈਨੇਡਾ ਵਿੱਚ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਹੇ ਹੋ? ਕੈਨੇਡਾ ਆਉਣ ਤੋਂ ਪਹਿਲਾਂ ਸਿਹਤ-ਸੰਭਾਲ ਦੀਆਂ ਸਹੂਲਤਾਂ, ਬੀਮੇ ਦੀ ਲਾਗਤ ਅਤੇ ਸੂਬਿਆਂ ਵਿਚਲੇ ਫ਼ਰਕ ਵਾਰੇ ਤੁਹਾਨੂੰ ਜਰੂਰ ਜਾਣਕਾਰੀ ਹੁਣੀ ਚਾਹਿੰਦੀ ਹੈ ਤਾਂ ਜੋ ਨਵੇਂ ਦੇਸ਼, ਵਾਤਾਵਰਨ ਪਾਣੀ ਤੇ ਮਾਹੌਲ ਵਿਚ ਦਾਖਲ ਹੋਣ ਤੇ ਹੋ ਸਕਦਾ ਹੈ ਤੁਹਾਡੀ ਸਿਹਤ ਵਿਗੜ ਜਾਵੇਂ ਤੇ ਤੁਹਾਨੂੰ ਇਹਨਾਂ ਦੀ ਤੁਰੰਤ ਲੋੜ ਪੈ ਜਾਵੇਂ।

ਕੈਨੇਡਾ ਦੀ ਪਛਾਣ ਅਕਸਰ ਸਰਬਵਿਆਪੀ ਸਿਹਤ-ਸੰਭਾਲ ਪ੍ਰਣਾਲੀ ਨਾਲ ਜੋੜੀ ਜਾਂਦੀ ਹੈ। ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਿਹੜੀਆਂ ਡਾਕਟਰੀ ਸੇਵਾਵਾਂ ਮਿਲਦੀਆਂ ਹਨ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਸੂਬੇ ਵਿੱਚ ਪੜ੍ਹਨ ਆਏ ਹਨ ਹਰ ਸੂਬੇ ਵੱਖਰੇ-ਵੱਖਰੇ ਨਿਯਮ ਹਨ।

ਕੈਨੇਡੀਅਨ ਹੈਲਥ ਕੋਲੀਸ਼ਨ ਅਤੇ ਮਧੂ ਵਰਮਾ ਮਾਈਗ੍ਰੇਂਟ ਜਸਟਿਸ ਸੈਂਟਰ ਦੀ ਸਾਂਝੀ ਰਿਪੋਰਟ ਮੁਤਾਬਕ, ਵਿਦਿਆਰਥੀਆਂ ਲਈ ਸਿਹਤ ਬੀਮੇ ਦੇ ਨਿਯਮ ਸੂਬਿਆਂ ਵਿੱਚ ਕਾਫ਼ੀ ਵੱਖਰੇ ਹਨ। ਇਨ੍ਹਾਂ ਫ਼ਰਕਾਂ ਦਾ ਅਸਰ ਡਾਕਟਰ ਨੂੰ ਮਿਲਣ, ਨੁਸਖ਼ੇ ਵਾਲੀਆਂ ਦਵਾਈਆਂ ਲੈਣ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਬੀਮਾ ਜਾਰੀ ਰਹਿਣ 'ਤੇ ਪੈਂਦਾ ਹੈ। ਇਸ ਲਈ ਪੜ੍ਹਾਈ ਦੀ ਥਾਂ ਚੁਣਨ ਤੋਂ ਪਹਿਲਾਂ ਬੀਮੇ ਦੇ ਨਿਯਮ ਜਾਣ ਲੈਣ ਨਾਲ ਅਚਾਨਕ ਖ਼ਰਚਿਆਂ ਅਤੇ ਇਲਾਜ ਵਿੱਚ ਦੇਰੀ ਤੋਂ ਬਚਿਆ ਜਾ ਸਕਦਾ ਹੈ।

ਅਲਬਰਟਾ: ਸ਼ਰਤਾਂ ਨਾਲ ਜਨਤਕ ਬੀਮਾ

ਅੰਤਰਰਾਸ਼ਟਰੀ ਵਿਦਿਆਰਥੀ ਅਲਬਰਟਾ ਹੈਲਥ ਕੇਅਰ ਇੰਸ਼ੋਰੈਂਸ ਪਲਾਨ ਏਐੱਚਸੀਆਈਪੀ)ਲਈ ਯੋਗ ਹੋ ਸਕਦੇ ਹਨ, ਜੇ ਉਹ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਣ, ਘੱਟੋ-ਘੱਟ 12 ਮਹੀਨਿਆਂ ਲਈ ਵੈਧ ਸਟੱਡੀ ਪਰਮਿਟ ਰੱਖਦੇ ਹੋਣ, ਕਿਸੇ ਮਨੋਨੀਤ ਸਿੱਖਿਆ ਸੰਸਥਾ ਵਿੱਚ ਪੜ੍ਹਦੇ ਹੋਣ ਅਤੇ ਸਾਲ ਵਿੱਚ ਘੱਟੋ-ਘੱਟ 183 ਦਿਨ ਅਲਬਰਟਾ ਵਿੱਚ ਰਹਿਣ ਦੀ ਯੋਜਨਾ ਹੋਵੇ।

ਏਐੱਚਸੀਆਈਪੀ ਡਾਕਟਰਾਂ ਦੀਆਂ ਸੇਵਾਵਾਂ, ਲੈਬ ਟੈਸਟਾਂ ਅਤੇ ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਰਚਾ ਕਵਰ ਕਰਦਾ ਹੈ। ਪਰ ਨੁਸਖ਼ੇ ਵਾਲੀਆਂ ਦਵਾਈਆਂ, ਰੁਟੀਨ ਦੰਦਾਂ ਦੀ ਦੇਖਭਾਲ ਅਤੇ ਨਜ਼ਰ ਦੀ ਜਾਂਚ ਇਸ ਵਿੱਚ ਸ਼ਾਮਲ ਨਹੀਂ। ਇਸ ਲਈ ਕਈ ਵਿਦਿਆਰਥੀ ਵਾਧੂ ਨਿੱਜੀ ਬੀਮਾ ਲੈਂਦੇ ਹਨ। ਯੋਜਨਾ ਮੁਫ਼ਤ ਹੈ, ਪਰ ਅਲਬਰਟਾ ਪਹੁੰਚਣ ਤੋਂ 90 ਦਿਨਾਂ ਦੇ ਅੰਦਰ ਅਰਜ਼ੀ ਦੇਣੀ ਲਾਜ਼ਮੀ ਹੈ। ਸਟੱਡੀ ਪਰਮਿਟ ਦੀ ਮਿਆਦ ਪੁੱਗਣ 'ਤੇ ਕਵਰੇਜ ਖ਼ਤਮ ਹੋ ਜਾਂਦੀ ਹੈ। ਨਵਾਂ ਪਰਮਿਟ ਆਉਣ ਦੀ ਉਡੀਕ ਦੌਰਾਨ ਸੀਮਤ ਮਿਆਦ ਲਈ ਇਸ ਨੂੰ ਵਧਾਇਆ ਜਾ ਸਕਦਾ ਹੈ।

ਬ੍ਰਿਟਿਸ਼ ਕੋਲੰਬੀਆ: ਮਹੀਨਾਵਾਰ ਫ਼ੀਸ ਅਤੇ ਉਡੀਕ ਮਿਆਦ

ਬ੍ਰਿਟਿਸ਼ ਕੋਲੰਬੀਆ ਵਿੱਚ ਛੇ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਮੈਡੀਕਲ ਸੇਵਾਵਾਂ ਯੋਜਨਾ (ਐਮਐਸਪੀ) ਵਿੱਚ ਨਾਮ ਦਰਜ ਕਰਵਾਉਣਾ ਪੈਂਦਾ ਹੈ। ਇਹ ਯੋਜਨਾ ਵਿਦਿਆਰਥੀਆਂ ਲਈ ਮੁਫ਼ਤ ਨਹੀਂ ਹੈ ਅਤੇ ਇਸ ਵਿੱਚ ਤਿੰਨ ਮਹੀਨਿਆਂ ਕਰਨੀ ਪੈਂਦੀ ਹੈ।

ਐਮਐਸਪੀ ਬੁਨਿਆਦੀ ਅਤੇ ਐਮਰਜੈਂਸੀ ਡਾਕਟਰੀ ਸੇਵਾਵਾਂ ਕਵਰ ਕਰਦਾ ਹੈ, ਪਰ ਦੰਦਾਂ ਦੀ ਦੇਖਭਾਲ, ਨਜ਼ਰ ਦੀ ਜਾਂਚ ਅਤੇ ਨੁਸਖ਼ੇ ਵਾਲੀਆਂ ਦਵਾਈਆਂ ਨਹੀਂ। ਉਡੀਕ ਦੌਰਾਨ ਵਿਦਿਆਰਥੀਆਂ ਨੂੰ ਆਈਐਮਈਡੀ ਵਰਗਾ ਅਸਥਾਈ ਨਿੱਜੀ ਬੀਮਾ ਲੈਣਾ ਪੈਂਦਾ



ਹੈ। ਐਮਐਸਪੀ ਦੀ ਫ਼ੀਸ $75 ਪ੍ਰਤੀ ਮਹੀਨਾ ਹੈ, ਜਦਕਿ ਪਹਿਲੇ ਤਿੰਨ ਮਹੀਨਿਆਂ ਲਈ ਆਈਐਮਈਡੀ ਦਾ ਖ਼ਰਚਾ ਲਗਭਗ $237 ਹੈ।

ਮੈਨੀਟੋਬਾ: ਨਿੱਜੀ ਬੀਮਾ ਲਾਜ਼ਮੀ

ਮੈਨੀਟੋਬਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਨਤਕ ਸਿਹਤ ਬੀਮਾ ਨਹੀਂ ਦਿੰਦਾ। ਵਿਦਿਆਰਥੀਆਂ ਨੂੰ ਮੈਨੀਟੋਬਾ ਅੰਤਰਰਾਸ਼ਟਰੀ ਵਿਦਿਆਰਥੀ ਸਿਹਤ ਯੋਜਨਾ (ਐਮ ਆਈ ਐਸ ਐਚ ਪੀ) ਜਾਂ ਸੰਸਥਾ ਵੱਲੋਂ ਦਿੱਤੀ ਯੋਜਨਾ, ਤੋਂ ਲੈਣੀ ਪੈਂਦੀ ਹੈ।

ਐਮ ਆਈ ਐਸ ਐਚ ਪੀ ਐਮਰਜੈਂਸੀ ਇਲਾਜ, ਹਸਪਤਾਲੀ ਸੇਵਾਵਾਂ ਅਤੇ ਕੁਝ ਨੁਸਖ਼ੇ ਵਾਲੀਆਂ ਦਵਾਈਆਂ ਕਵਰ ਕਰਦਾ ਹੈ। ਦੰਦਾਂ, ਨਜ਼ਰ ਅਤੇ ਫਿਜ਼ੀਓਥੈਰੇਪੀ ਲਈ ਵਾਧੂ ਬੀਮਾ ਲੋੜੀਂਦਾ ਹੋ ਸਕਦਾ ਹੈ। ਐਮ ਆਈ ਐਸ ਐਚ ਪੀ ਦੀ ਸਾਲਾਨਾ ਫ਼ੀਸ ਲਗਭਗ $1,200 ਹੈ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਕਵਰੇਜ ਚਾਰ ਮਹੀਨੇ ਤੱਕ ਜਾਰੀ ਰਹਿੰਦੀ ਹੈ।

ਨਿਊ ਬਰੰਜ਼ਵਿਕ: ਪੜ੍ਹਾਈ ਦੌਰਾਨ ਜਨਤਕ ਕਵਰੇਜ

ਪੂਰੇ ਅਕਾਦਮਿਕ ਸਾਲ ਲਈ ਦਾਖ਼ਲ ਯੋਗ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੇ ਸਟੱਡੀ ਪਰਮਿਟ ਦੀ ਮਿਆਦ ਤੱਕ ਜਨਤਕ ਮੈਡੀਕੇਅਰ ਮਿਲ ਸਕਦੀ ਹੈ। ਇਸ ਵਿੱਚ ਡਾਕਟਰਾਂ ਦੀਆਂ ਸੇਵਾਵਾਂ, ਹਸਪਤਾਲੀ ਇਲਾਜ ਅਤੇ ਜਾਂਚਾਂ ਸ਼ਾਮਲ ਹਨ। ਦੰਦਾਂ, ਨਜ਼ਰ ਅਤੇ ਨੁਸਖ਼ੇ ਵਾਲੀਆਂ ਦਵਾਈਆਂ ਲਈ ਨਿੱਜੀ ਬੀਮਾ ਲੈਣਾ ਪੈਂਦਾ ਹੈ। ਕਵਰੇਜ ਮੁਫ਼ਤ ਹੈ, ਪਰ ਕਈ ਸਿੱਖਿਆ ਸੰਸਥਾਵਾਂ ਮੈਡੀਕੇਅਰ ਸ਼ੁਰੂ ਹੋਣ ਤੱਕ ਐਮਰਜੈਂਸੀ ਨਿੱਜੀ ਬੀਮਾ ਲਾਜ਼ਮੀ ਕਰਦੀਆਂ ਹਨ।

ਨਿਊਫਾਊਂਡਲੈਂਡ ਅਤੇ ਲੈਬਰਾਡੋਰ: ਆਪਣੇ ਆਪ ਦਰਜ ਹੋਣ ਵਾਲਾ ਬੀਮਾ

ਘੱਟੋ-ਘੱਟ 12 ਮਹੀਨਿਆਂ ਲਈ ਪੜ੍ਹ ਰਹੇ ਪੂਰੇ ਸਮੇਂ ਦੇ ਅੰਤਰਰਾਸ਼ਟਰੀ ਵਿਦਿਆਰਥੀ ਮੈਡੀਕਲ ਕੇਅਰ ਪਲਾਨ (ਐਮਸੀਪੀ) ਲਈ ਯੋਗ ਹੁੰਦੇ ਹਨ। ਉਹ ਮੈਮੋਰੀਅਲ ਯੂਨੀਵਰਸਿਟੀ ਰਾਹੀਂ ਵਿਦੇਸ਼ੀ ਵਿਦਿਆਰਥੀਆਂ ਦੀ ਸਿਹਤ ਬੀਮਾ ਯੋਜਨਾ ਵਿੱਚ ਆਪਣੇ ਆਪ ਸ਼ੁਰੂ ਹੋ ਜਾਂਦੇ ਹਨ ਕੁਝ ਵੀ ਕਰਨ ਦੀ ਲੋੜ ਨਹੀਂ ਪੈਂਦੀ।

ਐਮਸੀਪੀ ਡਾਕਟਰਾਂ ਦੀਆਂ ਸੇਵਾਵਾਂ, ਜਣੇਪਾ ਸੰਭਾਲ ਅਤੇ ਕੁਝ ਹਸਪਤਾਲੀ ਸੇਵਾਵਾਂ ਕਵਰ ਕਰਦਾ ਹੈ। ਐਮਸੀਪੀ ਦੀ ਕਵਰੇਜ ਪੱਕੀ ਹੋਣ ਮਗਰੋਂ ਵਿਦਿਆਰਥੀ ਯੂਨੀਵਰਸਿਟੀ ਦੇ ਬੀਮੇ ਤੋਂ ਬਾਹਰ ਹੋ ਸਕਦੇ ਹਨ। ਜਨਤਕ ਬੀਮਾ ਮੁਫ਼ਤ ਹੈ, ਜਦਕਿ ਯੂਨੀਵਰਸਿਟੀ ਯੋਜਨਾ ਦੀ ਫ਼ੀਸ ਲਗਭਗ $261 ਪ੍ਰਤੀ ਸਮੈਸਟਰ ਹੈ।

ਉੱਤਰ-ਪੱਛਮੀ ਪ੍ਰਦੇਸ਼: ਜਨਤਕ ਯੋਜਨਾ ਲਈ ਅਰਜ਼ੀ

12 ਮਹੀਨੇ ਜਾਂ ਇਸ ਤੋਂ ਲੰਮੇ ਪ੍ਰੋਗਰਾਮਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਨੌਰਥਵੈਸਟ ਟੈਰੀਟਰੀਜ਼ ਹੈਲਥ ਕੇਅਰ (ਐਨਡਬਲਿਊਟੀਐਚਸੀ) ਯੋਜਨਾ ਲਈ ਅਰਜ਼ੀ ਦੇ ਸਕਦੇ ਹਨ। ਇਹ ਜ਼ਰੂਰੀ ਡਾਕਟਰੀ ਅਤੇ ਹਸਪਤਾਲੀ ਸੇਵਾਵਾਂ ਕਵਰ ਕਰਦੀ ਹੈ, ਪਰ ਦੰਦਾਂ, ਨਜ਼ਰ ਅਤੇ ਨੁਸਖ਼ੇ ਵਾਲੀਆਂ ਦਵਾਈਆਂ ਦਾ ਖ਼ਰਚਾ ਨਹੀਂ। ਜਨਤਕ ਕਵਰੇਜ ਮੁਫ਼ਤ ਹੈ। ਹੋਰ ਸੇਵਾਵਾਂ ਲਈ ਨਿੱਜੀ ਬੀਮਾ ਲੈਣਾ ਠੀਕ ਰਹੇਗਾ।

ਨੋਵਾ ਸਕੋਸ਼ੀਆ: 12 ਮਹੀਨਿਆਂ ਦੀ ਉਡੀਕ

ਨੋਵਾ ਸਕੋਸ਼ੀਆ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਸੂਬੇ ਵਿੱਚ 12 ਮਹੀਨੇ ਰਹਿਣ ਮਗਰੋਂ ਮੈਡੀਕਲ ਸੇਵਾਵਾਂ ਬੀਮਾ (ਐਮਐਸਆਈ) ਲਈ ਯੋਗ ਹੁੰਦੇ ਹਨ। ਇਸ ਸਮੇਂ ਦੌਰਾਨ ਉਨ੍ਹਾਂ ਦਾ ਬੀਮਾ ਸਿੱਖਿਆ ਸੰਸਥਾ ਦੀ ਯੋਜਨਾ 'ਤੇ ਨਿਰਭਰ ਕਰਦਾ ਹੈ। ਉਦਾਹਰਨ ਵਜੋਂ, ਡਲਹੌਜ਼ੀ ਯੂਨੀਵਰਸਿਟੀ ਵਿੱਚ ਸਾਲਾਨਾ ਸਿਹਤ ਅਤੇ ਦੰਦਾਂ ਦੇ ਬੀਮੇ ਦੀ ਫ਼ੀਸ ਲਗਭਗ $489 ਹੈ। ਯੋਗ ਹੋਣ ਮਗਰੋਂ ਐਮਐਸਆਈ ਮੁਫ਼ਤ ਹਸਪਤਾਲੀ ਅਤੇ ਡਾਕਟਰੀ ਸੇਵਾਵਾਂ ਦਿੰਦਾ ਹੈ। ਇਸ ਵਿੱਚ ਦੰਦਾਂ ਅਤੇ ਅੱਖਾਂ ਦੀਆਂ ਕੁਝ ਸੀਮਤ ਸੇਵਾਵਾਂ ਵੀ ਸ਼ਾਮਲ ਹਨ।

ਉਨਟੈਰਿਓ: ਨਿੱਜੀ ਬੀਮੇ ਦੀ ਲੋੜ

ਉਨਟੈਰਿਓ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉਹੈਪ ਕਵਰੇਜ ਨਹੀਂ ਦਿੰਦਾ। ਜ਼ਿਆਦਾਤਰ ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਨਿੱਜੀ ਬੀਮਾ ਲੈਣ ਲਈ ਕਹਿੰਦੀਆਂ ਹਨ। ਆਮ ਤੌਰ 'ਤੇ ਇਹ ਯੂਨੀਵਰਸਿਟੀ ਸਿਹਤ ਬੀਮਾ ਯੋਜਨਾ (ਯੂਐਚਆਈਪੀ)ਹੁੰਦਾ ਹੈ।

ਯੂਐਚਆਈਪੀ ਵਿੱਚ ਉਹੈਪ ਵਰਗੀਆਂ ਸੇਵਾਵਾਂ ਸ਼ਾਮਲ ਹਨ। ਇਸ ਦੀ ਸਾਲਾਨਾ ਫ਼ੀਸ ਲਗਭਗ $792 ਹੈ, ਜਦਕਿ ਪਰਿਵਾਰਕ ਮੈਂਬਰਾਂ ਲਈ ਵਾਧੂ ਫ਼ੀਸ ਲੱਗਦੀ ਹੈ।

ਕਵਰੇਜ ਆਮ ਤੌਰ 'ਤੇ ਅਕਾਦਮਿਕ ਸਾਲ ਦੇ ਅੰਤ 'ਤੇ ਮੁੱਕ ਜਾਂਦੀ ਹੈ।

ਪ੍ਰਿੰਸ ਐਡਵਰਡ ਆਈਲੈਂਡ: ਸੀਮਤ ਯੋਗਤਾ

ਸਿਰਫ਼ ਉਹ ਅੰਤਰਰਾਸ਼ਟਰੀ ਵਿਦਿਆਰਥੀ, ਜਿਨ੍ਹਾਂ ਨੂੰ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਹੈ, ਪੀਈਆਈ ਦਾ ਅਸਥਾਈ ਸਿਹਤ ਕਾਰਡ ਲੈ ਸਕਦੇ ਹਨ। ਇਹ ਕਾਰਡ ਬੁਨਿਆਦੀ ਜਨਤਕ ਸਿਹਤ ਸੇਵਾਵਾਂ ਕਵਰ ਕਰਦਾ ਹੈ। ਹੋਰ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਸੰਸਥਾ ਰਾਹੀਂ ਨਿੱਜੀ ਬੀਮਾ ਲੈਣਾ ਪੈਂਦਾ ਹੈ। ਜਿੱਥੇ ਜਨਤਕ ਕਵਰੇਜ ਮਿਲਦੀ ਹੈ, ਉਹ ਮੁਫ਼ਤ ਹੈ, ਪਰ ਵਾਧੂ ਸੇਵਾਵਾਂ ਲਈ ਅਕਸਰ ਨਿੱਜੀ ਬੀਮੇ ਦੀ ਲੋੜ ਪੈਂਦੀ ਹੈ।

ਕਿਊਬੈਕ: ਕੁਝ ਦੇਸ਼ਾਂ ਦੇ ਵਿਦਿਆਰਥੀਆਂ ਲਈ ਜਨਤਕ ਬੀਮਾ

ਕਿਊਬੈਕ ਨਾਲ ਸਮਾਜਿਕ ਸੁਰੱਖਿਆ ਸਮਝੌਤਾ ਕਰਨ ਵਾਲੇ ਦੇਸ਼ਾਂ, ਜਿਵੇਂ ਫਰਾਂਸ, ਸਵੀਡਨ ਅਤੇ ਬੈਲਜੀਅਮ, ਦੇ ਵਿਦਿਆਰਥੀ ਸੂਬੇ ਦੀ ਜਨਤਕ ਸਿਹਤ ਯੋਜਨਾ ਰੈਮਕਿਊ ਲਈ ਯੋਗ ਹੋ ਸਕਦੇ ਹਨ। ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਨਿੱਜੀ ਬੀਮਾ ਲੈਣਾ ਪੈਂਦਾ ਹੈ। ਯੋਗ ਵਿਦਿਆਰਥੀਆਂ ਲਈ ਰੈਮਕਿਊ ਮੁਫ਼ਤ ਹੈ, ਪਰ ਕਵਰੇਜ ਸ਼ੁਰੂ ਹੋਣ ਤੋਂ ਪਹਿਲਾਂ ਉਡੀਕ ਕਰਨੀ ਪੈ ਸਕਦੀ ਹੈ।

ਪਰ ਕਿਊਬੈਕ ਹੁਣ ਦਸਤਾਰਧਾਰੀ ਸਿੱਖਾਂ ਲਈ ਠੀਕ ਨਹੀਂ ਕਿਉਂਕਿ ਉਹ ਦਸਤਾਰ, ਬੁਰਕਾ ਵਰਗੇ ਧਾਰਮਿਕ ਚਿੰਨਾਂ ਦੇ ਵਿਰੋਧ ਕਰਦੇ ਹਨ ਤੇ ਇਹਨਾਂ ਤੇ ਪਾਬੰਦੀਆਂ ਲਗਾਉਣ ਜਾ ਰਿਹਾ ਹੈ।

ਸਸਕੈਚਵਨ: ਵਿਆਪਕ ਜਨਤਕ ਬੀਮਾ

ਛੇ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀ ਸਸਕੈਚਵਨ ਹੈਲਥ ਕਾਰਡ ਲਈ ਯੋਗ ਹਨ। ਇਹ ਡਾਕਟਰਾਂ ਦੀਆਂ ਸੇਵਾਵਾਂ, ਹਸਪਤਾਲੀ ਇਲਾਜ, ਜਣੇਪਾ ਸੰਭਾਲ ਅਤੇ ਮਾਨਸਿਕ ਸਿਹਤ ਦੀਆਂ ਕੁਝ ਸੇਵਾਵਾਂ ਕਵਰ ਕਰਦਾ ਹੈ। ਬੀਮਾ ਮੁਫ਼ਤ ਹੈ, ਪਰ ਨੁਸਖ਼ੇ ਵਾਲੀਆਂ ਦਵਾਈਆਂ ਅਤੇ ਦੰਦਾਂ ਦੇ ਇਲਾਜ ਲਈ ਨਿੱਜੀ ਬੀਮਾ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਪੜ੍ਹਾਈ ਦੀ ਥਾਂ ਚੁਣਨ ਤੋਂ ਪਹਿਲਾਂ ਬਹੁਤ ਸਾਰੇ ਲੋਕ ਸਿਹਤ ਬੀਮੇ ਵੱਲ ਧਿਆਨ ਨਹੀਂ ਦਿੰਦੇ, ਹਾਲਾਂਕਿ ਇਸ ਦਾ ਉਨ੍ਹਾਂ ਦੇ ਖ਼ਰਚਿਆਂ ਅਤੇ ਸਿਹਤ 'ਤੇ ਸਿੱਧਾ ਅਸਰ ਪੈ ਸਕਦਾ ਹੈ। ਇਸ ਲਈ:

- ਦਾਖ਼ਲੇ ਦੀ ਪੇਸ਼ਕਸ਼ ਸਵੀਕਾਰ ਕਰਨ ਤੋਂ ਪਹਿਲਾਂ ਸੂਬੇ ਦੇ ਬੀਮਾ ਨਿਯਮ ਵੇਖੋ।
- ਨਿੱਜੀ ਬੀਮੇ ਅਤੇ ਕਵਰ ਨਾ ਹੋਣ ਵਾਲੀਆਂ ਸੇਵਾਵਾਂ ਲਈ ਪੈਸੇ ਰੱਖੋ।
- ਉਡੀਕ ਮਿਆਦ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਕਵਰੇਜ ਦੀ ਮਿਆਦ ਜਾਣੋ।
- ਸਿਹਤ ਯੋਜਨਾ ਬਾਰੇ ਸਪੱਸ਼ਟ ਜਾਣਕਾਰੀ ਲਈ ਆਪਣੀ ਸਿੱਖਿਆ ਸੰਸਥਾ ਨਾਲ ਗੱਲ ਕਰੋ।

ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਦੀ ਸਿੱਖਿਆ ਪ੍ਰਣਾਲੀ ਦਾ ਅਹਿਮ ਹਿੱਸਾ ਹਨ। ਰਿਪੋਰਟ ਸੂਬਿਆਂ ਵਿੱਚ ਸਿਹਤ ਬੀਮੇ ਦੇ ਸਪੱਸ਼ਟ ਅਤੇ ਇਕਸਾਰ ਨਿਯਮਾਂ ਦੀ ਲੋੜ ਉਜਾਗਰ ਕਰਦੀ ਹੈ। ਵਿਦਿਆਰਥੀਆਂ ਲਈ ਵੀ ਦਾਖ਼ਲੇ ਤੋਂ ਪਹਿਲਾਂ ਆਪਣੀ ਕਵਰੇਜ ਅਤੇ ਸੰਭਾਵੀ ਖ਼ਰਚਿਆਂ ਦੀ ਪੂਰੀ ਜਾਣਕਾਰੀ ਲੈਣੀ ਜ਼ਰੂਰੀ ਹੈ।

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਪਾਕਿਸਤਾਨ ਦੀ ਪਹਿਲੀ ਸਿੱਖ ਬੀਬੀ ਡਾ. ਸਤਵੰਤ ਕੌਰ ਨੇ ਪੀਐੱਚ.ਡੀ. ਕਰਕੇ ਰਚਿਆ ਇਤਿਹਾਸ

ਸਿੱਖਿਆ ਦੇ ਖੇਤਰ ਵਿੱਚ ਡਾਕਟਰੇਟ ਹਾਸਲ ਕਰਕੇ ਸਿੱਖ ਮਹਿਲਾਵਾਂ ਲਈ ਬਣੀ ਪ੍ਰੇਰਨਾ ਸਰੋਤ- ਡਾ. ਸੁਰਿੰਦਰ ਸਿੰਘ ਗਿੱਲ

ਵਾਸ਼ਿੰਗਟਨ
ਬਲਵਿੰਦਰ ਬਾਲਮ



ਪਾਕਿਸਤਾਨ ਦੇ ਸਿੱਖ ਭਾਈਚਾਰੇ ਲਈ ਉਸ ਸਮੇਂ ਮਾਣਮੱਤਾ ਇਤਿਹਾਸਕ ਪਲ ਬਣਿਆ, ਜਦੋਂ ਬੀਬੀ ਸਤਵੰਤ ਕੌਰ ਨੇ ਸਿੱਖਿਆ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਲ ਕਰਕੇ ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਡਾਕਟਰੇਟ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਇਸ ਵਿਲੱਖਣ ਪ੍ਰਾਪਤੀ ਨੇ ਨਾ ਸਿਰਫ਼ ਪਾਕਿਸਤਾਨ ਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ, ਸਗੋਂ ਘੱਟ ਗਿਣਤੀ ਭਾਈਚਾਰਿਆਂ ਦੀਆਂ ਲੜਕੀਆਂ ਲਈ ਉੱਚ ਸਿੱਖਿਆ ਦੇ ਨਵੇਂ ਰਾਹ ਵੀ ਰੌਸ਼ਨ ਕੀਤੇ ਹਨ। ਡਾ. ਸਤਵੰਤ ਕੌਰ ਨੇ ਇਹ ਮਾਣਮੱਤੀ ਪ੍ਰਾਪਤੀ ਪਾਕਿਸਤਾਨ ਦੇ ਉੱਘੇ ਸਿੱਖ ਵਿਦਵਾਨ ਅਤੇ ਪਹਿਲੇ ਸਿੱਖ ਪੀਐੱਚ.ਡੀ. ਡਾ. ਕਲਿਆਣ ਸਿੰਘ ਦੀ ਅਗਵਾਈ ਅਤੇ ਪ੍ਰੇਰਨਾ ਸਦਕਾ ਹਾਸਲ ਕੀਤੀ। ਡਾ. ਕਲਿਆਣ ਸਿੰਘ ਨੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਵਿਦਿਅਕ ਪ੍ਰਾਪਤੀ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਫਲਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ। ਇਸ ਮੌਕੇ ਪਾਕਿਸਤਾਨ ਦੇ ਕੈਬਨਿਟ ਮੰਤਰੀ ਅਤੇ ਉੱਘੇ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੇ ਡਾ. ਸਤਵੰਤ ਕੌਰ ਨੂੰ ਵਿਸ਼ੇਸ਼ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਡਾ. ਕਲਿਆਣ ਸਿੰਘ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕਰਦਿਆਂ ਇਸ ਪ੍ਰਾਪਤੀ ਨੂੰ ਪਾਕਿਸਤਾਨ ਦੇ ਸਿੱਖ ਇਤਿਹਾਸ ਵਿੱਚ ਸੁਨਹਿਰੀ ਅਧਿਆਇ ਕਰਾਰ ਦਿੱਤਾ।

ਅਮਰੀਕਾ ਤੋਂ ਅੰਤਰਰਾਸ਼ਟਰੀ ਫ਼ੋਰਮ ਯੂਐੱਸਏ ਦੇ ਚੇਅਰਮੈਨ ਅਤੇ ਅੰਬੈਸਡਰ ਫਾਰ ਪੀਸ ਡਾ. ਸੁਰਿੰਦਰ ਸਿੰਘ ਗਿੱਲ ਨੇ ਡਾ. ਸਤਵੰਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ "ਡਾ. ਸਤਵੰਤ ਕੌਰ ਨੇ ਸਾਬਤ ਕਰ ਦਿੱਤਾ ਹੈ ਕਿ ਦ੍ਰਿੜ੍ਹ ਇਰਾਦੇ, ਮਿਹਨਤ ਅਤੇ ਸਹੀ ਅਗਵਾਈ ਨਾਲ ਘੱਟ ਗਿਣਤੀ ਭਾਈਚਾਰੇ ਦੀਆਂ ਧੀਆਂ ਵੀ ਉੱਚ ਸਿੱਖਿਆ ਦੇ ਖੇਤਰ ਵਿੱਚ ਇਤਿਹਾਸ ਸਿਰਜ ਸਕਦੀਆਂ ਹਨ। ਉਨ੍ਹਾਂ ਦੀ ਇਹ ਪ੍ਰਾਪਤੀ ਸਿਰਫ਼ ਇੱਕ ਡਿਗਰੀ ਨਹੀਂ, ਸਗੋਂ ਮਹਿਲਾ ਸਸ਼ਕਤੀਕਰਨ, ਵਿਦਿਅਕ ਬਰਾਬਰੀ ਅਤੇ ਸਮਾਜਿਕ ਤਰੱਕੀ ਦਾ ਮਜ਼ਬੂਤ ਸੰਦੇਸ਼ ਹੈ।" ਡਾ. ਗਿੱਲ ਨੇ ਅੱਗੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਦਾ ਸੰਦੇਸ਼ ਦੇ ਕੇ ਇਸਤਰੀ ਦੇ ਸਨਮਾਨ ਅਤੇ ਬਰਾਬਰੀ ਦੀ ਨੀਂਹ ਰੱਖੀ ਸੀ। ਡਾ. ਸਤਵੰਤ ਕੌਰ ਦੀ ਇਹ ਸਫਲਤਾ ਉਸੇ ਮਹਾਨ ਸਿਧਾਂਤ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਮੇਤ ਸਮੁੱਚੇ ਵਿਸ਼ਵ ਵਿੱਚ ਵੱਸਦੇ ਸਿੱਖ ਪਰਿਵਾਰਾਂ ਨੂੰ ਆਪਣੀਆਂ ਧੀਆਂ ਨੂੰ ਉੱਚ ਸਿੱਖਿਆ, ਖੋਜ ਅਤੇ ਵਿਗਿਆਨਕ ਅਧਿਐਨ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਡਾ. ਕਲਿਆਣ ਸਿੰਘ ਦੀ ਅਗਵਾਈ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਮਾਰਗਦਰਸ਼ਨ ਹੇਠ ਡਾ. ਸਤਵੰਤ ਕੌਰ ਨੇ ਇਹ ਮੀਲ ਪੱਥਰ ਸਥਾਪਿਤ ਕੀਤਾ। ਇਸੇ ਦੌਰਾਨ ਕਰਾਚੀ ਤੋਂ ਘੱਟ ਗਿਣਤੀਆਂ ਦੇ ਹੱਕਾਂ ਲਈ ਸਰਗਰਮ ਆਗੂ ਰਾਮ ਸਿੰਘ, ਫੋਕਲ ਪਰਸਨ, ਨੇ ਵੀ ਡਾ. ਸਤਵੰਤ ਕੌਰ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਵਿਦਿਅਕ ਪ੍ਰਾਪਤੀਆਂ ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੇ ਨੌਜਵਾਨਾਂ, ਖ਼ਾਸ ਕਰਕੇ ਲੜਕੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ। ਡਾ. ਸੁਰਿੰਦਰ ਸਿੰਘ ਗਿੱਲ ਨੇ ਅੰਤ ਵਿੱਚ ਕਿਹਾ ਕਿ ਕੌਮਾਂ ਦੀ ਅਸਲ ਤਰੱਕੀ ਉੱਚੀਆਂ ਇਮਾਰਤਾਂ ਨਾਲ ਨਹੀਂ, ਸਗੋਂ ਪੜ੍ਹੀਆਂ-ਲਿਖੀਆਂ ਧੀਆਂ ਅਤੇ ਗਿਆਨਵਾਨ ਪੀੜ੍ਹੀਆਂ ਨਾਲ ਹੁੰਦੀ ਹੈ। ਡਾ. ਸਤਵੰਤ ਕੌਰ ਦੀ ਇਹ ਪ੍ਰਾਪਤੀ ਸਮੁੱਚੀ ਸਿੱਖ ਕੌਮ ਲਈ ਮਾਣ, ਸਨਮਾਨ ਅਤੇ ਪ੍ਰੇਰਨਾ ਦਾ ਪ੍ਰਤੀਕ ਬਣੇਗੀ।

ਹਾਈ ਕੋਰਟ ਨੇ ਮਾਨ ਸਰਕਾਰ ਦੇ 'ਕੱਟੜ ਇਮਾਨਦਾਰ' ਭਰਤੀ ਮਾਡਲ ਦੀ ਪੋਲ ਖੋਲ੍ਹੀ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਧੈਰਿਆ ਮਹਿਰਾ

ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੰਜਾਬ ਪੀਸੀਐਸ ਅਤੇ ਅਲਾਇਡ ਸਰਵਿਸਿਜ਼ ਦੀ ਭਰਤੀ ਪ੍ਰਕਿਰਿਆ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਲਗਾਈ ਗਈ ਰੋਕ ਨੇ ਭਗਵੰਤ ਮਾਨ ਸਰਕਾਰ ਦੀ ਭਰਤੀ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ 'ਕੱਟੜ ਇਮਾਨਦਾਰ' ਦੱਸਣ ਵਾਲੀ ਸਰਕਾਰ ਨੂੰ ਸੂਬੇ ਦੀ ਸਭ ਤੋਂ ਵੱਕਾਰੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਬੇਨਿਯਮੀਆਂ ਦੇ ਗੰਭੀਰ ਦੋਸ਼ਾਂ ਬਾਰੇ ਪੰਜਾਬ ਦੇ ਨੌਜਵਾਨਾਂ ਨੂੰ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਮੁੱਖ ਪ੍ਰੀਖਿਆ ਵਿੱਚ 751 ਉਮੀਦਵਾਰਾਂ ਦੀ ਸ਼ਾਰਟਲਿਸਟਿੰਗ, ਲਗਾਤਾਰ ਰੋਲ ਨੰਬਰਾਂ ਦੇ ਸਮੂਹ, ਇਸ਼ਤਿਹਾਰ ਤੋਂ ਬਾਅਦ ਪੰਜਾਬੀ ਦੀ ਲਾਜ਼ਮੀ ਯੋਗਤਾ ਵਿੱਚ ਤਬਦੀਲੀ, ਕਈ ਅਰਜ਼ੀਆਂ ਤੇ ਰੋਲ ਨੰਬਰ, ਉਮਰ ਹੱਦਾਂ, ਰਾਖਵੇਂ ਵਰਗਾਂ ਦੀ ਯੋਗਤਾ, ਪ੍ਰਸ਼ਨ-ਪੱਤਰਾਂ ਦੀ ਸੁਰੱਖਿਆ ਅਤੇ ਉੱਤਰ-ਪੱਤਰੀਆਂ ਦੇ ਮੁਲਾਂਕਣ ਸਬੰਧੀ ਉੱਠੇ ਸਵਾਲ ਬੇਹੱਦ ਗੰਭੀਰ ਹਨ। ਇੰਟਰਵਿਊ ਪ੍ਰਕਿਰਿਆ 'ਤੇ ਰੋਕ ਲੱਗਣਾ ਇਸ ਵਿਵਾਦ ਦੀ ਗੰਭੀਰਤਾ ਨੂੰ ਹੋਰ ਉਜਾਗਰ ਕਰਦਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਸੱਤਾਧਾਰੀ ਧਿਰ ਦੇ ਆਗੂਆਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦੀ ਚੋਣ ਬਾਰੇ ਉੱਠੇ ਸਵਾਲਾਂ, ਜਿਨ੍ਹਾਂ ਵਿੱਚ ਕੈਬਨਿਟ ਮੰਤਰੀ ਦੇ ਪੁੱਤਰ, ਵਿਧਾਇਕਾਂ, ਕੌਂਸਲਰਾਂ ਅਤੇ ਪਾਰਟੀ ਆਗੂਆਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ ਸ਼ਾਮਲ ਹਨ, ਬਾਰੇ ਸਰਕਾਰ ਨੂੰ ਤੱਥਾਂ ਸਮੇਤ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਜੇਕਰ ਚੋਣ ਨਿਰੋਲ ਯੋਗਤਾ ਦੇ ਆਧਾਰ 'ਤੇ ਹੋਈ ਹੈ ਤਾਂ ਸਰਕਾਰ ਨੂੰ ਸੁਤੰਤਰ ਜਾਂਚ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਉਨ੍ਹਾਂ ਕਿਹਾ ਕਿ ਹਜ਼ਾਰਾਂ ਨੌਜਵਾਨ ਸਾਲਾਂ ਦੀ ਸਖ਼ਤ ਮਿਹਨਤ, ਵੱਡੇ ਆਰਥਿਕ ਖਰਚੇ ਅਤੇ ਪਰਿਵਾਰ ਦੀਆਂ ਉਮੀਦਾਂ ਲੈ ਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਬੈਠਦੇ ਹਨ। ਉਨ੍ਹਾਂ ਦਾ ਭਵਿੱਖ ਸਿਆਸੀ ਪਹੁੰਚ, ਪੱਖਪਾਤ ਜਾਂ ਕਥਿਤ ਮਿਲੀਭੁਗਤ ਦੀ ਭੇਟ ਨਹੀਂ ਚੜ੍ਹਨ ਦਿੱਤਾ ਜਾ ਸਕਦਾ। ਸਰਕਾਰੀ ਨੌਕਰੀਆਂ ਯੋਗ ਨੌਜਵਾਨਾਂ ਦਾ ਹੱਕ ਹਨ, ਸਿਆਸੀ ਚਹੇਤਿਆਂ ਦਾ ਵਿਸ਼ੇਸ਼ ਅਧਿਕਾਰ ਨਹੀਂ। ਪ੍ਰੋ. ਖਿਆਲਾ ਨੇ ਮੰਗ ਕੀਤੀ ਕਿ ਭਰਤੀ ਨਾਲ ਸਬੰਧਤ ਸਮੁੱਚਾ ਰਿਕਾਰਡ, ਉੱਤਰ-ਪੱਤਰੀਆਂ, ਡਿਜੀਟਲ ਡਾਟਾ ਅਤੇ ਪ੍ਰੀਖਿਆ ਕੇਂਦਰਾਂ ਦੀ ਸੀਸੀਟੀਵੀ ਫੁਟੇਜ ਤੁਰੰਤ ਸੁਰੱਖਿਅਤ ਕੀਤੀ ਜਾਵੇ। ਯੋਗਤਾ ਦੀਆਂ ਸ਼ਰਤਾਂ, ਰੋਲ ਨੰਬਰਾਂ ਅਤੇ ਹਿੱਤਾਂ ਦੇ ਟਕਰਾਅ ਸਬੰਧੀ ਉੱਠੇ ਸਾਰੇ ਸਵਾਲਾਂ ਦੇ ਜਨਤਕ ਤੌਰ 'ਤੇ ਜਵਾਬ ਦਿੱਤੇ ਜਾਣ। ਜਵਾਬਦੇਹੀ ਤੈਅ ਕਰਨ ਅਤੇ ਸਿਆਸੀ ਦਖ਼ਲ ਦੀ ਸੰਭਾਵਨਾ ਖ਼ਤਮ ਕਰਨ ਲਈ ਹਾਈ ਕੋਰਟ ਦੀ ਨਿਗਰਾਨੀ ਹੇਠ ਸੁਤੰਤਰ ਅਤੇ ਸਮਾਂਬੱਧ ਜਾਂਚ ਕਰਵਾਈ ਜਾਵੇ।



ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸਿਰਫ਼ ਨੌਕਰੀਆਂ ਦੇ ਅੰਕੜੇ ਗਿਣਵਾ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੀ। ਹਾਈ ਕੋਰਟ ਦੇ ਦਖ਼ਲ ਨੇ ਭਰਤੀ ਪ੍ਰਕਿਰਿਆ ਅਤੇ ਫਫਸ਼ਛ ਦੀ ਭਰੋਸੇਯੋਗਤਾ ਨੂੰ ਗੰਭੀਰ ਜਾਂਚ ਦੇ ਘੇਰੇ ਵਿੱਚ ਲਿਆ ਖੜ੍ਹਾ ਕੀਤਾ ਹੈ। ਪੰਜਾਬ ਦੇ ਲੋਕ ਇਹ ਵੀ ਜਾਣਨਾ ਚਾਹੁੰਦੇ ਹਨ ਕਿ ਮਾਨ ਸਰਕਾਰ ਦੇ ਕਾਰਜਕਾਲ ਦੌਰਾਨ ਹੁਣ ਤੱਕ ਹੋਈਆਂ ਵੱਖ-ਵੱਖ ਸਰਕਾਰੀ ਭਰਤੀਆਂ ਵਿੱਚ ਕਿੰਨੀਆਂ ਬੇਨਿਯਮੀਆਂ ਅਤੇ ਧਾਂਦਲੀਆਂ ਹੋਈਆਂ ਹਨ ਅਤੇ ਕਿੰਨੇ ਯੋਗ ਨੌਜਵਾਨਾਂ ਨਾਲ ਬੇਇਨਸਾਫ਼ੀ ਹੋਈ ਹੈ? ਸਰਕਾਰ ਨੂੰ ਪਿਛਲੀਆਂ ਭਰਤੀਆਂ ਦਾ ਵੀ ਪੂਰਾ ਹਿਸਾਬ ਦੇਣਾ ਚਾਹੀਦਾ ਹੈ। ਸਰਕਾਰ ਨੂੰ ਹੁਣ ਇੱਕ ਸਵਾਲ ਦਾ ਜਵਾਬ ਦੇਣਾ ਪਵੇਗਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਯੋਗਤਾ ਦੇ ਆਧਾਰ 'ਤੇ ਮਿਲਣਗੀਆਂ ਜਾਂ ਸੱਤਾ ਤੱਕ ਪਹੁੰਚ ਦੇ ਆਧਾਰ 'ਤੇ?

ਜਵਾਹਰ ਨਵੋਦਿਆ ਵਿਦਿਆਲਿਆ ਵਿੱਚ 14 ਸਾਲਾ ਵਿਦਿਆਰਥੀ ਦੀ ਮੌਤ, ਹੋਸਟਲ ਵਿੱਚ ਫਾਹੇ ਨਾਲ ਲਟਕਦੀ ਮਿਲੀ ਲਾਸ਼

ਪਠਾਨਕੋਟ
ਸਾਂਝੀ ਸੋਚ ਬਿਊਰੋ

ਜ਼ਿਲ੍ਹਾ ਪਠਾਨਕੋਟ ਦੇ ਨਾਜੋਚੱਕ ਸਥਿਤ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਇੱਕ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਅੱਠਵੀਂ ਜਮਾਤ ਵਿੱਚ ਪੜ੍ਹਦੇ 14 ਸਾਲਾ ਵਿਦਿਆਰਥੀ ਦੀ ਫਾਹਾ ਲੈਣ ਕਾਰਨ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਸਕੂਲ ਵਿੱਚ ਸੋਗ ਦੀ ਲਹਿਰ ਫੈਲ ਗਈ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਵਿੱਚ ਸਹਿਮ ਦਾ ਮਾਹੌਲ ਬਣ ਗਿਆ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਘਰੋਟਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਇਹ ਘਟਨਾ ਬੁੱਧਵਾਰ ਦੇਰ ਰਾਤ ਕਰੀਬ 12:40 ਤੋਂ 12:45 ਵਜੇ ਦਰਮਿਆਨ ਵਾਪਰੀ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਸੰਦੀਪ ਕੁਮਾਰ ਨੇ ਦੱਸਿਆ ਕਿ ਹਾਊਸ ਮਾਸਟਰ ਵੱਲੋਂ ਰਾਤ ਕਰੀਬ ਇੱਕ ਵਜੇ ਉਨ੍ਹਾਂ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ, ਜਿਸ ਤੋਂ ਬਾਅਦ ਉਹ ਤੁਰੰਤ ਮੌਕੇ 'ਤੇ ਪਹੁੰਚੇ। ਵਿਦਿਆਰਥੀ ਨੂੰ ਮੁੱਢਲੇ ਇਲਾਜ ਲਈ ਘਰੋਟਾ ਹਸਪਤਾਲ ਲਿਜਾਇਆ ਗਿਆ, ਪਰ ਉੱਥੇ ਉਸ ਦੀ ਮੌਤ ਹੋ ਗਈ।

ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਕੈਂਪਸ ਵਿੱਚ ਸੁਰੱਖਿਆ ਦੇ ਮੱਦੇਨਜ਼ਰ ਕੁੱਲ 56 ਸੀਸੀਟੀਵੀ ਕੈਮਰੇ ਲਗਾਏ ਗਏ ਹਨ, ਪਰ ਵਿਦਿਆਰਥੀਆਂ ਦੀ ਨਿੱਜਤਾ ਨੂੰ ਧਿਆਨ ਵਿੱਚ ਰੱਖਦਿਆਂ ਹੋਸਟਲ ਦੇ ਅੰਦਰ ਕੈਮਰੇ ਨਹੀਂ ਲਗਾਏ ਗਏ। ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਨ ਵੱਲੋਂ ਮਾਮਲੇ ਦੀ ਜਾਂਚ ਲਈ ਅੰਦਰੂਨੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਘਟਨਾ ਦੀ ਵਿਸਤ੍ਰਿਤ ਰਿਪੋਰਟ ਨਵੋਦਿਆ ਵਿਦਿਆਲਿਆ ਸਮਿਤੀ ਦੇ ਚੰਡੀਗੜ੍ਹ ਸਥਿਤ ਖੇਤਰੀ ਦਫ਼ਤਰ ਅਤੇ ਮੁੱਖ ਦਫ਼ਤਰ ਨੂੰ ਭੇਜ ਦਿੱਤੀ ਗਈ ਹੈ।

ਉਨ੍ਹਾਂ ਮਾਪਿਆਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਦੇ ਵਿਵਹਾਰ ਵਿੱਚ ਆਉਣ ਵਾਲੀਆਂ ਛੋਟੀਆਂ-ਛੋਟੀਆਂ ਤਬਦੀਲੀਆਂ ਨੂੰ ਵੀ ਗੰਭੀਰਤਾ ਨਾਲ ਲਿਆ ਜਾਵੇ। ਬੱਚਿਆਂ ਨਾਲ ਲਗਾਤਾਰ ਗੱਲਬਾਤ ਰੱਖੀ ਜਾਵੇ ਅਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਖੁੱਲ੍ਹ ਕੇ ਦੱਸਣ ਲਈ ਉਤਸ਼ਾਹਿਤ ਕੀਤਾ ਜਾਵੇ। ਬੱਚਿਆਂ ਦੀ ਸਰੀਰਕ ਸਿਹਤ ਦੇ ਨਾਲ-ਨਾਲ ਮਾਨਸਿਕ ਸਿਹਤ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਸਮੇਂ ਦੀ ਲੋੜ ਹੈ।

ਉੱਧਰ ਘਰੋਟਾ ਪੁਲਿਸ ਦੇ ਜਾਂਚ ਅਧਿਕਾਰੀ ਏਐਸਆਈ ਬੋਧਰਾਜ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਮਾਮਲਾ ਖੁਦਕੁਸ਼ੀ ਦਾ ਜਾਪਦਾ ਹੈ, ਪਰ ਵਿਦਿਆਰਥੀ ਵੱਲੋਂ ਇਹ ਕਦਮ ਚੁੱਕਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।

ਪੁਲਿਸ ਵੱਲੋਂ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨਵੋਦਿਆ ਵਿਦਿਆਲਿਆ ਸਮਿਤੀ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਵੀ ਸਕੂਲ ਪਹੁੰਚ ਕੇ ਜਾਂਚ ਕਰੇਗੀ। ਜਾਂਚ ਦੌਰਾਨ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਯਾਦਗਾਰੀ ਅਸਥਾਨ ਸੰਤ ਬਾਬਾ ਠਾਕੁਰ ਸਿੰਘ ਜੀ

2050 W. WOODWARD AVE MANTECA CA 95337
ਫੋਨ ਨੰਬਰ: 209-321-1733, 408-221-2511



ਸਲਾਨਾ ਨਗਰ ਕੀਰਤਨ

ਨਵੰਬਰ 29, 2026 ਐਤਵਾਰ

ਸਾਧ ਸੰਗਤ ਜੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਹਿਬ ਜੀ
ਦੇ ਅਵਤਾਰ ਗੁਰਪੁਰਬ ਦੀ ਖੁਸ਼ੀ ਵਿੱਚ ਸਲਾਨਾ ਨਗਰ ਕੀਰਤਨ
29, ਨਵੰਬਰ ਨੂੰ ਸਜਾਇਆ ਜਾਵੇਗਾ ਜੀ।

ਵਿਸ਼ੇਸ਼ ਦੀਵਾਨ

20 ਨਵੰਬਰ ਦਿਨ ਸ਼ੁਕਰਵਾਰ ਤੋਂ 29 ਨਵੰਬਰ ਦਿਨ ਐਤਵਾਰ
ਤੱਕ ਵਿਸ਼ੇਸ਼ ਦੀਵਾਨ ਹੋਣਗੇ ਜੀ ,



ਭਾਈ ਜੱਥਾ ਭਾਈ ਤਰਸ਼ੇਮ ਸਿੰਘ ਜੀ
ਮੋਰੇਵਾਲੀ



ਰਾਗੀ ਜੱਥਾ ਭਾਈ ਜਸਪ੍ਰੀਤ ਸਿੰਘ ਭਾਈ
ਮਨਪ੍ਰੀਤ ਸਿੰਘ ਜੀ
ਫਤਹਿਗੜ੍ਹ ਸਾਹਿਬ ਵਾਲੇ



ਕਵੀਸ਼ਰੀ ਜੱਥਾ ਭਾਈ
ਸਰਵਣ ਸਿੰਘ ਜੀ

ਨੋਟ: ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਦੀ ਸੇਵਾ
21, ਨਵੰਬਰ ਦਿਨ ਸ਼ਨੀਵਾਰ ਸਵੇਰੇ 9:00 ਤੋਂ 12:00 ਵਜੇ ਹੋਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ ਜੀ-
ਸੇਕਟਰੀ ਭਾਈ ਸਾਹਿਬ ਸਿੰਘ ਜੀ 408-221-2511

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

In Loving Memory of

Sardar Jaswinder Singh Sanghera



May 21, 1960 - November 7, 2026

FUNERAL SERVICE:
SATURDAY, NOVEMBER 21ST
1:30 PM

SHANT BHAVAN FUNERAL HOME
4800 E CLAYTON AVE, FOWLER, CA
93625

FOLLOWED BY ANTIM ARDAAS AT:
GURDWARA GUR NANAK PRAKASH
4250 E LINCOLN AVE FRESNO
3:30 PM

ਅਮਰੀਕਾ ਤੁਹਾਡਾ ਘਰ ਹੈ- ਮਮਦਾਨੀ, ਹਿੰਦੂਆਂ ਤੇ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਕੀਤੀ ਸਖਤ ਅਲੋਚਨਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਜਿਨਾਂ ਲੋਕਾਂ ਨੂੰ ਵਾਪਸ ਆਪਣੇ ਘਰ ਜਾਣ ਲਈ ਕਿਹਾ ਗਿਆ ਹੈ, ਜਾਂ ਜਿਨਾਂ ਦੇ ਇੱਥੇ ਹੋਣ 'ਤੇ ਸਵਾਲ ਉਠਾਏ ਗਏ ਹਨ, ਉਨਾਂ ਨੂੰ ਮੈਂ ਸਪੱਸ਼ਟ ਸ਼ਬਦਾਂ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਘਰ ਵਿੱਚ ਹੀ ਹੋ। ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਸਿਟੀ ਹਾਲ ਵਿਖੇ ਆਪਣੇ ਭਾਸ਼ਣ ਦੌਰਾਨ ਇਹ ਪ੍ਰਗਟਾਵਾ ਕਰਦਿਆਂ ਹਿੰਦੂਆਂ ਵਿਰੋਧੀ ਨਫ਼ਰਤ, ਧਾਰਮਿਕ ਵਿਤਕਰੇ ਅਤੇ ਸਿਆਸੀ ਮੁਹਿੰਮਾਂ ਵਿੱਚ ਵਧਦੀ ਦੁਸ਼ਮਣੀ ਦੀ ਸਖ਼ਤ ਆਲੋਚਨਾ ਕੀਤੀਫ਼ ਮਮਦਾਨੀ ਨੇ ਦੀਵਾਲੀ ਸਮਾਗਮ ਦੀ ਮੇਜ਼ਬਾਨੀ ਕਰਨ ਨੂੰ ਆਪਣੀ ਜ਼ਿੰਦਗੀ ਦਾ ਇੱਕ ਬਹੁਤ ਵੱਡਾ ਸਨਮਾਨ ਦੱਸਿਆ ਅਤੇ ਜ਼ਿਕਰ ਕੀਤਾ ਕਿ ਉਹ ਨਿਊਯਾਰਕ ਸਿਟੀ ਦੇ ਮੇਅਰ ਵਜੋਂ ਸੇਵਾ ਨਿਭਾਉਣ ਵਾਲੇ ਪਹਿਲੇ ਭਾਰਤੀ-ਅਮਰੀਕੀ ਹਨਫ਼ ਮਮਦਾਨੀ ਨੇ ਭਾਰਤੀ ਪਹਿਰਾਵੇ ਵਿੱਚ ਮੰਚ ਤੋਂ ਸੰਬੋਧਨ ਕਰਦਿਆਂ ਅਮਰੀਕਾ ਵਿੱਚ ਹਿੰਦੂ ਮੰਦਰਾਂ 'ਤੇ ਹੋਏ ਹਮਲਿਆਂ ਬਾਰੇ ਗੱਲ ਕੀਤੀ ਅਤੇ ਧਾਰਮਿਕ ਭਾਈਚਾਰਿਆਂ ਨੂੰ ਨਿਸ ਾਨਾ ਬਣਾਉਣ ਵਾਲੀ ਨਫ਼ਰਤੀ ਪਹੁੰਚ ਦਾ ਡਟ ਕੇ ਮੁਕਾਬਲਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾਫ਼ ਉਨਾਂ ਕਿਹਾ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਪੂਰੇ ਦੇਸ਼ ਵਿੱਚ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈਫ਼ ਉਨਾਂ ਨੇ ਸੰਘੀ ਸਰਕਾਰ ਦੇ ਉੱਚ ਪੱਧਰੀ ਆਗੂਆਂ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਵੀ ਲਗਾਇਆਫ਼ ਉਨਾਂ ਚੇਤਾਵਨੀ ਦਿੱਤੀ ਕਿ ਪੱਖਪਾਤ, ਜੋ ਪਹਿਲਾਂ ਸਮਾਜ ਦੇ ਕੁਝ ਹਾਸ਼ੀਏ ਵਾਲੇ ਹਿੱਸਿਆਂ ਤੱਕ ਸੀਮਤ ਸੀ, ਹੁਣ ਮੁੱਖ ਧਾਰਾ ਦੀਆਂ ਸਿਆਸੀ ਮੁਹਿੰਮਾਂ ਦਾ ਹਿੱਸਾ ਬਣਦਾ ਜਾ ਰਿਹਾ ਹੈਫ਼ ਉਨਾਂ ਨੇ ਅਮਰੀਕਾ ਵਿੱਚ ਹਾਲ ਹੀ ਦੇ ਮਹੀਨਿਆਂ ਦੌਰਾਨ ਹਿੰਦੂ ਮੰਦਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਸਿੱਖਾਂ ਵਿਰੁੱਧ ਵਧ ਰਹੀ ਦੁਸ਼ਮਣੀ 'ਤੇ ਚਿੰਤਾ ਪ੍ਰਗਟਾਈਫ਼ ਮਮਦਾਨੀ ਨੇ ਚੇਤਾਵਨੀ ਦਿੱਤੀ ਕਿ ਪੱਖਪਾਤ ਹੁਣ ਸਿਰਫ਼ ਕੁਝ ਸੀਮਤ ਜਾਂ ਕੱਟੜ ਸਮੂਹਾਂ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਸਿਆਸੀ ਚਰਚਾਵਾਂ ਅਤੇ ਚੋਣ ਮੁਹਿੰਮਾਂ ਵਿੱਚ ਵੀ ਇਸ ਨੂੰ ਸਵੀਕਾਰ ਕੀਤਾ ਜਾਣ ਲੱਗਾ ਹੈਫ਼ ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ



ਉਹ ਡਰ ਅਤੇ ਧਾਰਮਿਕ ਪਛਾਣ 'ਤੇ ਆਧਾਰਿਤ ਸਿਆਸੀ ਕੋਸ਼ਿਸ਼ਾਂ ਦਾ ਵਿਰੋਧ ਕਰਨਫ਼ ਉਨਾਂ ਕਿਹਾ ਕਿ ਭਾਵੇਂ ਇਹ ਵਾਸ਼ਿੰਗਟਨ ਵਿੱਚ ਹੋਵੇ ਜਾਂ ਦਿੱਲੀ ਵਿੱਚ, ਜਿੱਥੇ ਲੋਕ ਡਰ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ, ਸਾਡਾ ਸਾਰਿਆਂ ਦਾ ਇਹ ਸਾਂਝਾ ਫਰਜ਼ ਬਣਦਾ ਹੈ ਕਿ ਅਸੀਂ ਅਜਿਹੀ ਕਿਸੇ ਵੀ ਰਾਜਨੀਤੀ ਨੂੰ ਨਕਾਰ ਦੇਈਏ ਜੋ ਇਸ ਦੁਨੀਆ ਵਿੱਚ ਹਨੇਰਾ ਲੈ ਕੇ ਆਉਂਦੀ ਹੈਫ਼ ਮਮਦਾਨੀ ਨੇ ਕਿਹਾ ਕਿ ਸਾਡੇ ਸਾਰਿਆਂ ਦੇ ਅੰਦਰ ਇੱਕੋ ਜਿਹੀ ਜੋਤ ਮੌਜੂਦ ਹੈ ਭਾਵੇਂ ਅਸੀਂ ਮੰਦਰ, ਮਸਜਿਦ ਜਾਂ ਗੁਰਦੁਆਰੇ ਵਿੱਚ ਜਾ ਕੇ ਪ੍ਰਾਰਥਨਾ ਕਰੀਏ, ਜਾਂ ਕਿਤੇ ਵੀ ਨਾ ਜਾਈਏ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਪ੍ਰਕਾਸ ਪੁਰਬ ਮੋਕੇ ਮੁੜ ਖੋਲੇ ਕੇਦਰ: ਗੁਰਿੰਦਰ ਸਿੰਘ ਬਾਜਵਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 28 ਸਤੰਬਰ 2019 ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ ਪੁਰਬ ਮੋਕੇ ਆਖਿਆ ਸੀ ਕਿ ਦੇਸ ਦੀਆ ਵੱਖ ਵੱਖ ਜੇਲ੍ਹਾ ਵਿੱਚ ਬੰਦ 8 ਬੰਦੀ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਇੱਕ ਵਿਸੇਸ ਨੋਟ ਰਾਹੀ 1 ਬੰਦੀ ਸਿੰਘ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦਾ ਫੈਸਲਾ ਲਿਆ ਗਿਆ। ਇਸ ਸਬੰਧੀ ਕੇਦਰ ਸਰਕਾਰ ਵਲੋ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਸੀ । ਪਰ 7 ਸਾਲ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਬੰਦੀ ਸਿੰਘਾਂ ਨੂੰ ਰਿਹਾਅ ਨਹੀ ਕੀਤਾ ਗਿਆ ਅਤੇ ਨਾ ਹੀ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਿਆ ਗਿਆ ਹੈ ।ਇਹਨਾਂ ਵਿਚਾਰਾ ਦਾ ਪ੍ਰਗਟਾਵਾ ਬੇਗਮਪੁਰਾ ਖਾਲਸਾ ਰਾਜ ਪਾਰਟੀ ਦੇ ਪ੍ਰਧਾਨ ਅਤੇ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਕੀਤਾ ।ਉਹਨਾ ਆਖਿਆ ਕਿ ਸਮੁੱਚੇ ਪੰਥ ਦੀਆਂ ਭਾਵਨਾਵਾ ਨੂੰ ਸਮਝਦੇ ਹੋਏ ਕੇਦਰ ਸਰਕਾਰ ਆਪਣੇ ਕੀਤੇ ਹੋਏ ਵਾਅਦੇ ਮੁਤਾਬਕ ਚੁੱਕੇ 32-32 ਸਾਲਾ ਤੋ ਜੇਲ੍ਹਾ ਵਿੱਚ ਬੰਦ ਬੰਦੀ ਸਿੰਘਾ ਨੂੰ ਰਿਹਾਅ ਕਰੇ। ਬਾਜਵਾ ਨੇ ਅੱਗੇ ਆਖਿਆ ਕਿ 7 ਮਈ 2025 ਤੋ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਕੇਦਰ ਸਰਕਾਰ ਨੇ ਬੰਦ ਕੀਤਾ ਹੋਇਆ ਹੈ ।ਜਿਸ ਨਾਲ ਦੁਨੀਆ ਭਰ ਵਿੱਚ ਵਸਦੀਆ ਨਾਨਕ ਨਾਮ ਲੇਵਾ ਸੰਗਤਾਂ ਵਿੱਚ ਭਾਰੀ ਰੋਸ ਹੈ । ਉਹਨਾਂ ਆਖਿਆ ਕਿ ਸਾਡੀ ਸੰਸਥਾ ਵਲੋ 14 ਅਪ੍ਰੈਲ 2001 ਨੂੰ ਇਸ ਲਾਂਘੇ ਨੂੰ ਖੁੱਲਵਾਉਣ ਲਈ ਨਾਨਕ ਨਾਮ ਲੇਵਾ ਸੰਗਤਾ ਨੂੰ ਨਾਲ ਲੈ ਕੇ ਅੰਤਰਰਾਸਟਰੀ ਸਰਹੱਦ ਡੇਰਾ ਬਾਬਾ ਨਾਨਕ ਵਿਖੇ ਅਰਦਾਸ ਕਰਨੀ ਸੁਰੂ ਕੀਤੀ ਸੀ ਅਤੇ ਸਾਢੇ ਅਠਾਰਾ ਸਾਲਾ ਬਾਅਦ ਸੰਗਤਾਂ ਦੀਆ ਅਰਦਾਸਾ ਨਾਲ ਨਵੰਬਰ 2019 ਵਿੱਚ ਗੁਰੂ ਨਾਨਕ ਸਾਹਿਬ ਦੇ 550ਵੇ ਪ੍ਰਕਾਸ ਪੁਰਬ ਮੋਕੇ ਇਹ ਲਾਂਘਾ ਸਹਿਮਤੀ ਨਾਲ ਖੋਲਿਆ ਗਿਆ ਅਤੇ ਇਸ ਤੋ ਬਾਅਦ ਸੰਸਾਰ ਭਰ ਵਿਚੋ ਸੰਗਤਾ ਨੇ ਇਸ ਲਾਂਘੇ ਰਾਹੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਬਾਜਵਾ ਨੇ ਅੱਗੇ ਆਖਿਆ ਕਿ ਸੰਗਤਾ ਦੀਆ ਭਾਵਨਾਵਾ ਨੂੰ ਸਮਝਦੇ ਹੋਏ ਕੇਦਰ ਸਰਕਾਰ ਗੁਰੂ ਨਾਨਕ ਸਾਹਿਬ ਦੇ 557ਵੇ ਪ੍ਰਕਾਸ ਪੁਰਬ ਤੋ ਪਹਿਲਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲੇ ਅਤੇ ਨਾਲ ਹੀ ਬੰਦੀ ਸਿੰਘਾ ਦੀ ਰਿਹਾਈ ਕਰੇ। ਇਸ ਮੋਕੇ ਐਡਵੋਕੇਟ ਇੰਦਰਜੀਤ ਸਿੰਘ ਬਾਜਵਾ, ਬਾਬਾ ਗੁਰਮੇਜ ਸਿੰਘ ਦਾਬਾਵਾਲ, ਸੁਖਦੇਵ ਸਿੰਘ ਧਾਲੀਵਾਲ, ਜਤਿੰਦਰ ਸਿੰਘ ਦਾਬਾਵਾਲ, ਅਮਰੀਕ ਸਿੰਘ ਖੈਹਿਰਾ, ਇੰਸਪੈਕਟਰ ਨਿਰਮਲ ਸਿੰਘ, ਗਿਆਨੀ ਦਵਿੰਦਰ ਸਿੰਘ, ਨਿਰਮਲ ਸਿੰਘ ਸਾਗਰਪੁਰ ਆਦਿ ਹਾਜ਼ਰ ਸਨ।


ਗੁਰੂ ਘਰ ਗੁਰੂ ਮਿਲਾਪ 'ਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸ਼ਰਧਾ ਨਾਲ ਮਨਾਇਆ ਗਿਆ



ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਅਕਾਲੀ ਦਲ ਬਾਦਲ ਅਮਰੀਕਾ ਯੂਨਿਟ ਵੱਲੋਂ ਗੁਰੂ ਮਿਲਾਪ ਗੁਰੂ ਘਰ ਵਿੱਚ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ ਗੁਰੂ ਘਰ ਦੇ ਕੀਰਤਨੀਏ ਭਾਈ ਹਰਵਿੰਦਰ ਸਿੰਘ, ਭਾਈ ਤਰਨਜੀਤ ਸਿੰਘ, ਕੁਲਵੰਤ ਕੌਰ ਨੇ ਬੜੇ ਸਤਿਕਾਰ ਅਤੇ ਪਿਆਰ ਨਾਲ ਕੀਰਤਨ ਕਰਦਿਆਂ ਸੰਗਤਾਂ ਦਾ ਮਨ ਮੋਹਿਆ। ਇਸ ਸ਼ੁਭ ਅਵਸਰ 'ਤੇ ਸ਼੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਪਰਵਿੰਦਰ ਪਾਲ ਸਿੰਘ ਰਠੌਰ ਦੇ ਪਰਿਵਾਰ ਵੱਲੋਂ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਸਾਰੇ ਅਹੁਦੇਦਾਰ ਇਸ ਸ਼ੁਭ ਮੌਕੇ ਇਕੱਠੇ ਹੋਏ ਅਤੇ ਉਨਾਂ ਸੰਗਤ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਬਾਦਲ ਜਿਸਦੀ ਕਿ ਪੰਜਾਬ ਵਿੱਚ ਬਹੁਤ ਹੀ ਲੋੜ ਹੈ। ਸਾਨੂੰ ਪੰਜਾਬ ਵਿੱਚ ਬੈਠੇ ਆਪਣੇ ਪਰਿਵਾਰ ਅਤੇ ਸਕੇ ਸਬੰਧੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਵੱਧ ਤੋਂ ਵੱਧ ਸਪੋਰਟ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ। ਰਵਿੰਦਰ ਸਿੰਘ ਬੋਇਲ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਬੇਨਤੀ ਕੀਤੀ ਕਿ ਸਾਰੀ ਸੰਗਤ ਹੰਬਲਾ ਮਾਰ ਕੇ ਅਕਾਲੀ ਦਲ ਬਾਦਲ ਨੂੰ ਪੰਜਾਬ ਵਿੱਚ ਅੱਗੇ ਲੈ ਕੇ ਆਈਏ ਅਤੇ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਬਣਾਈਏ। ਇਸ ਮੌਕੇ ਪਰਵਿੰਦਰ ਪਾਲ ਸਿੰਘ ਰਠੌਰ, ਸ਼ੇਰ ਸਿੰਘ ਚੌਹਾਨ, ਭੁਪਿੰਦਰ ਸਿੰਘ ਜਾਡਲਾ, ਵਿਪਨ ਚੌਹਾਨ, ਦਿਲਕਰਨ ਸੋਢੀ, ਪਵਨ ਰਠੌਰ, ਗੁਲਜਾਰ ਸਿੰਘ ਟਕਸਾਲੀ, ਆਕਾਸ਼ ਰਠੌਰ, ਗੁਰਜੋਤ ਸਿੰਘ ਚੌਹਾਨ, ਸੁੱਚਾ ਸਿੰਘ ਪਿਲਖਣੀ, ਨਾਜਰ ਸਿੰਘ, ਰਾਣਾ ਰਠੌਰ, ਕਮਲ ਜਾਡਲਾ, ਬੰਟੀ ਚੌਹਾਨ, ਰਮਨ ਬਿੰਦਰਾ, ਭਾਟੀਆ ਸਾਹਿਬ, ਜਗਦੀਸ਼ ਸਿੰਘ ਗੁਰੂ ਘਰ ਗੁਰੂ ਮਿਲਾਪ, ਹੈੱਡਗ੍ਰੰਥੀ ਪਰਮਿੰਦਰ ਸਿੰਘ, ਰਾਜਨ ਰਠੌਰ, ਜਸਪਾਲ ਸਿੰਘ ਢੀਂਡਸਾ ਅਤੇ ਰਾਜਾ ਮਠਾਰੂ ਤੇ ਹੋਰ ਸਾਰੀ ਸੰਗਤ ਦਾ ਜੀ ਆਇਆਂ ਨੂੰ ਪਰਵਿੰਦਰ ਪਾਲ ਸਿੰਘ ਰਠੌਰ ਦੇ ਪਰਿਵਾਰ ਵੱਲੋਂ ਕੀਤਾ ਗਿਆ ਤੇ ਸਾਰੀ ਸੰਗਤ ਦਾ ਧੰਨਵਾਦ ਕੀਤਾ ਗਿਆ।

ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...





Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਆਈਸੀਏਆਰ-ਅਟਾਰੀ ਜੋਧਪੁਰ ਦੇ ਡਾਇਰੈਕਟਰ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਉਝਾ ਦਾ ਦੌਰਾ

ਪਾਣੀਪਤ
ਨਿਰਮਲ ਸਿੰਘ ਵਿਰਕ

ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਦੇ ਖੇਤੀਬਾੜੀ ਵਿਗਿਆਨ ਕੇਂਦਰ (ਕੇਵੀਕੇ), ਉਝਾ, ਪਾਣੀਪਤ ਵਿਖੇ ਆਈਸੀਏਆਰ-ਖੇਤੀਬਾੜੀ ਤਕਨਾਲੋਜੀ ਐਪਲੀਕੇਸ਼ਨ ਖੋਜ ਸੰਸਥਾਨ (ਅਟਾਰੀ), ਜੋਧਪੁਰ ਦੇ ਡਾਇਰੈਕਟਰ ਡਾ. ਜੇ.ਪੀ. ਮਿਸ਼ਰਾ ਅਤੇ ਪ੍ਰਮੁੱਖ ਵਿਗਿਆਨੀ ਡਾ. ਐਚ.ਐਨ. ਮੀਣਾ ਨੇ 19 ਨਵੰਬਰ 2026 ਨੂੰ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਕੇਵੀਕੇ ਵੱਲੋਂ ਕਰਵਾਏ ਗਏ ਗ੍ਰੀਨ ਅਮੋਨੀਆ ਪ੍ਰਦਰਸ਼ਨ ਦਾ ਨਿਰੀਖਣ ਕੀਤਾ ਅਤੇ ਇਸ ਤਹਿਤ ਅਪਣਾਈ ਜਾ ਰਹੀ ਤਕਨੀਕ, ਵਰਤੋਂ ਦੀ ਵਿਧੀ ਅਤੇ ਫ਼ਸਲਾਂ ਦੇ ਉਤਪਾਦਨ ਵਿੱਚ ਇਸ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਦੌਰੇ ਦੌਰਾਨ ਦੋਵਾਂ ਵਿਗਿਆਨੀਆਂ ਨੇ ਕਿਸਾਨਾਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਗ੍ਰੀਨ ਅਮੋਨੀਆ ਦੀ ਵਰਤੋਂ, ਇਸ ਦੇ ਸੰਭਾਵੀ ਲਾਭ, ਮਿੱਟੀ ਵਿੱਚ ਨਾਈਟ੍ਰੋਜਨ ਦੀ ਉਪਲਬਧਤਾ ਅਤੇ ਖਾਦਾਂ ਦੀ ਵਰਤੋਂ ਦੀ ਕੁਸ਼ਲਤਾ ਵਧਾਉਣ ਵਿੱਚ ਇਸ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿੱਚ ਨਵੀਆਂ ਤਕਨੀਕਾਂ ਦੀ ਸਹੀ ਵਰਤੋਂ ਕਰਕੇ ਖਾਦਾਂ ਦੀ ਕੁਸ਼ਲਤਾ ਵਧਾਉਣ ਅਤੇ ਖੇਤੀ ਦੀ ਲਾਗਤ ਘਟਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕੇਵੀਕੇ ਦੇ ਸੀਨੀਅਰ ਕੋਆਰਡੀਨੇਟਰ ਡਾ. ਸਤਪਾਲ ਸਿੰਘ ਨੇ ਦੋਵਾਂ ਵਿਗਿਆਨੀਆਂ ਦਾ ਸਵਾਗਤ ਕੀਤਾ ਅਤੇ ਕੇਂਦਰ ਵੱਲੋਂ ਜ਼ਿਲ੍ਹੇ ਵਿੱਚ ਚਲਾਈਆਂ ਜਾ ਰਹੀਆਂ ਵੱਖ-ਵੱਖ ਖੇਤੀਬਾੜੀ ਪਸਾਰ ਗਤੀਵਿਧੀਆਂ, ਕਿਸਾਨ ਸਿਖਲਾਈ ਪ੍ਰੋਗਰਾਮਾਂ, ਫ਼ਸਲ ਪ੍ਰਦਰਸ਼ਨੀਆਂ ਅਤੇ ਨਵੀਆਂ ਖੇਤੀ ਤਕਨੀਕਾਂ ਦੇ ਪ੍ਰਚਾਰ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।



ਉਨ੍ਹਾਂ ਕਿਸਾਨਾਂ ਨੂੰ ਕੁਦਰਤੀ ਸਰੋਤਾਂ ਦੀ ਸੰਭਾਲ, ਪਾਣੀ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਸਰੋਤਾਂ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਝੋਨੇ ਅਤੇ ਕਣਕ ਦੀ ਫ਼ਸਲੀ ਪ੍ਰਣਾਲੀ ਵਿੱਚ ਪਾਣੀ ਅਤੇ ਖਾਦਾਂ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ, ਤਾਂ ਜੋ ਖੇਤੀਬਾੜੀ ਉਤਪਾਦਨ ਦੇ ਨਾਲ-ਨਾਲ ਮਿੱਟੀ ਦੀ ਸਿਹਤ ਅਤੇ ਵਾਤਾਵਰਣ ਦੀ ਵੀ ਸੰਭਾਲ ਕੀਤੀ ਜਾ ਸਕੇ।

ਇਸ ਮੌਕੇ ਦੋਵਾਂ ਵਿਗਿਆਨੀਆਂ ਨੇ ਕੇਵੀਕੇ ਦੇ ਖੇਤੀਬਾੜੀ ਫਾਰਮ ਦਾ ਵੀ ਦੌਰਾ ਕੀਤਾ ਅਤੇ ਉੱਥੇ ਚੱਲ ਰਹੀਆਂ ਵੱਖ-ਵੱਖ ਫ਼ਸਲ ਪ੍ਰਦਰਸ਼ਨੀਆਂ, ਬੀਜ ਉਤਪਾਦਨ ਗਤੀਵਿਧੀਆਂ ਅਤੇ ਖੇਤੀਬਾੜੀ ਨਾਲ ਸਬੰਧਤ ਕੰਮਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਕਿਸਾਨਾਂ ਤੱਕ ਨਵੀਆਂ ਖੇਤੀ ਤਕਨੀਕਾਂ ਪਹੁੰਚਾਉਣ ਅਤੇ ਜ਼ਿਲ੍ਹੇ ਵਿੱਚ ਟਿਕਾਊ ਤੇ ਸਰੋਤਾਂ ਦੀ ਸੰਭਾਲ 'ਤੇ ਆਧਾਰਿਤ ਖੇਤੀ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨ ਲਈ ਕੇਵੀਕੇ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਦੌਰੇ ਦਾ ਮੁੱਖ ਉਦੇਸ਼ ਗ੍ਰੀਨ ਅਮੋਨੀਆ ਪ੍ਰਦਰਸ਼ਨ ਦੀ ਪ੍ਰਗਤੀ ਦਾ ਮੁਲਾਂਕਣ ਕਰਨਾ, ਕਿਸਾਨਾਂ ਤੋਂ ਤਕਨੀਕੀ ਫੀਡਬੈਕ ਪ੍ਰਾਪਤ ਕਰਨਾ ਅਤੇ ਖੇਤੀਬਾੜੀ ਵਿੱਚ ਖਾਦਾਂ ਦੀ ਕੁਸ਼ਲ ਵਰਤੋਂ ਦੇ ਨਾਲ-ਨਾਲ ਕੁਦਰਤੀ ਸਰੋਤਾਂ ਦੀ ਸੰਭਾਲ ਨੂੰ ਉਤਸ਼ਾਹਿਤ ਕਰਨਾ ਸੀ। ਅਜਿਹੇ ਤਕਨੀਕੀ ਸੰਵਾਦ ਅਤੇ ਪ੍ਰਦਰਸ਼ਨ ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ ਨਾਲ ਜੋੜਨ ਅਤੇ ਟਿਕਾਊ ਖੇਤੀਬਾੜੀ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਪੰਥਕ ਹਿੱਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਵਉੱਚ ਸਤਿਕਾਰ ਨੂੰ ਤਰਜੀਹ ਦਿੱਤੀ ਜਾਵੇ : ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਧੈਰਿਆ ਮਹਿਰਾ

ਸਿੱਖ ਚਿੰਤਕ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਡੂੰਘੀ ਤਰ੍ਹਾਂ ਜੁੜੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ, 2026 ਦੇ ਮਾਮਲੇ ਵਿੱਚ ਪੰਥਕ ਸਫ਼ਾਂ ਵੱਲੋਂ ਉਠਾਏ ਗਏ ਇਤਰਾਜ਼ਾਂ, ਸੁਝਾਵਾਂ ਅਤੇ ਹੋਰ ਅਹਿਮ ਪਹਿਲੂਆਂ 'ਤੇ ਵਿਚਾਰ-ਵਟਾਂਦਰੇ ਲਈ ਪੰਜਾਬ ਸਰਕਾਰ ਦੀ ਤਾਲਮੇਲ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਗਠਿਤ ਮਾਹਿਰ ਕਮੇਟੀ ਨੂੰ ਆਪਸੀ ਸਤਿਕਾਰ ਅਤੇ ਸਹਿਮਤੀ ਨਾਲ ਗੱਲਬਾਤ ਦੀ ਪ੍ਰਕਿਰਿਆ ਅੱਗੇ ਵਧਾਉਣ 'ਚ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਆਪਣੇ ਵਾਅਦੇ ਮੁਤਾਬਕ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦਿਵਾਉਣ ਵਿੱਚ ਨਾਕਾਮ ਰਹੇ ਹਨ, ਜਿਸ ਦੀ ਆਲੋਚਨਾ ਹੋਣੀ ਸੁਭਾਵਿਕ ਹੈ। 14 ਜੁਲਾਈ 2025 ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ 'ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025' ਛੇ ਮਹੀਨਿਆਂ ਲਈ ਸਿਲੈਕਟ ਕਮੇਟੀ ਦੇ ਹਵਾਲੇ ਕੀਤਾ ਗਿਆ ਸੀ, ਪਰ 16 ਮਹੀਨੇ ਬੀਤ ਜਾਣ ਦੇ ਬਾਵਜੂਦ ਉਸ ਦਾ ਕੋਈ ਅਤਾ-ਪਤਾ ਨਹੀਂ। ਸਰਕਾਰ ਦੀ ਇਸ ਨਾਕਾਮੀ 'ਤੇ ਸਵਾਲ ਉੱਠਣੇ ਲਾਜ਼ਮੀ ਹਨ। ਪਰ ਸੋਧ ਕਾਨੂੰਨ ਦਾ ਮਾਮਲਾ ਵੱਖਰਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਇਹ ਗੱਲ ਸਹੀ ਹੈ ਕਿ ਸੋਧ ਕਾਨੂੰਨ ਲਿਆਉਣ ਸਮੇਂ ਮਾਨ ਸਰਕਾਰ ਨੇ ਪੰਥਕ ਧਿਰਾਂ ਨਾਲ ਕੋਈ ਢੁਕਵਾਂ ਸਲਾਹ-ਮਸ਼ਵਰਾ ਨਹੀਂ ਕੀਤਾ, ਜਿਸ ਕਾਰਨ ਕਾਨੂੰਨ ਵਿੱਚ ਕਈ ਖ਼ਾਮੀਆਂ ਸਾਹਮਣੇ ਆਈਆਂ। ਇਹ ਵੀ ਕਿਹਾ ਜਾਂਦਾ ਰਿਹਾ ਕਿ ਸਰਕਾਰ ਨੇ ਪੰਥ ਨਾਲ ਰਾਬਤਾ ਕਾਇਮ ਕਰਨ ਵਿੱਚ ਦੇਰੀ ਕੀਤੀ, ਜੋ ਉਸ ਦੀ ਗੈਰ-ਸੰਜੀਦਗੀ ਨੂੰ ਦਰਸਾਉਂਦਾ ਸੀ। ਪਰ ਹੁਣ ਸਵਾਲ ਇਹ ਉੱਠਦਾ ਹੈ ਕਿ ਇਸ ਸਮੇਂ ਹੋਰ ਦੇਰੀ ਕੌਣ ਕਰ ਰਿਹਾ ਹੈ? ਗੈਰ-ਸੰਜੀਦਗੀ ਵਾਲਾ ਰਵੱਈਆ ਹੁਣ ਕੌਣ ਅਪਣਾ ਰਿਹਾ ਹੈ?

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਵਉੱਚ ਸਤਿਕਾਰ ਤੇ ਸ਼ਰਧਾ ਨਾਲ ਜੁੜੇ ਅਤੇ ਪੰਥ ਦੇ ਵਡੇਰੇ ਹਿੱਤਾਂ ਲਈ ਇਸ ਸੰਵੇਦਨਸ਼ੀਲ ਮਾਮਲੇ ਦਾ ਸਥਾਈ ਅਤੇ ਢੁੱਕਵਾਂ ਹੱਲ ਦੋਵੇਂ ਧਿਰਾਂ ਵੱਲੋਂ ਆਹਮੋ-ਸਾਹਮਣੇ ਬੈਠ ਕੇ ਸਾਰੇ ਇਤਰਾਜ਼ਾਂ ਅਤੇ ਚਿੰਤਾਵਾਂ 'ਤੇ ਬੇਹੱਦ ਗੰਭੀਰਤਾ, ਇਮਾਨਦਾਰੀ, ਸੰਵੇਦਨਸ਼ੀਲਤਾ, ਆਪਸੀ ਸਹਿਯੋਗ ਅਤੇ ਸਹਿਮਤੀ ਨਾਲ ਵਿਚਾਰ-ਵਟਾਂਦਰਾ ਕਰਨ ਰਾਹੀਂ ਹੀ ਸੰਭਵ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਸਰਕਾਰੀ ਤਾਲਮੇਲ ਕਮੇਟੀ ਵੱਲੋਂ ਐਕਟ ਦੇ ਹਰ ਜ਼ਰੂਰੀ ਪਹਿਲੂ ਦੀ ਪੜਤਾਲ ਕਰਨ, ਜਿੱਥੇ ਵੀ ਲੋੜ ਹੋਵੇ ਸੋਧ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਸਮੇਤ ਸਾਰੇ ਮਾਮਲਿਆਂ 'ਤੇ ਬਿਨਾਂ ਕਿਸੇ ਸ਼ਰਤ ਦੇ ਵਿਚਾਰ ਕਰਨ ਦੀ ਤਿਆਰੀ ਦੇ ਬਾਵਜੂਦ 18 ਨਵੰਬਰ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੱਖੀ ਗਈ ਸਾਂਝੀ ਮੀਟਿੰਗ ਵਿੱਚ ਮਾਹਿਰ ਕਮੇਟੀ ਦਾ ਸ਼ਾਮਲ ਨਾ ਹੋਣਾ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸਵਾਲ ਇਹ ਹੈ ਕਿ ਇਸ ਮਾਮਲੇ ਨੂੰ ਲਟਕਾਉਣ ਪਿੱਛੇ ਕਿਤੇ ਸਿਆਸਤ ਤਾਂ ਨਹੀਂ ਹੋ ਰਹੀ? ਕਿਸੇ ਇੱਕ ਧਿਰ ਦੇ ਸਿਆਸੀ ਲਾਹੇ ਲਈ ਜਥੇਦਾਰ ਸਿਆਸੀ ਢਾਲ ਤਾਂ ਨਹੀਂ ਬਣ ਰਿਹਾ?

ਅਤੀਤ ਵਿੱਚ ਜਥੇਦਾਰਾਂ ਵੱਲੋਂ ਸਿਆਸਤ ਤੋਂ ਪ੍ਰੇਰਿਤ ਲਏ ਗਏ ਫ਼ੈਸਲਿਆਂ ਨੇ ਤਖ਼ਤ ਸਾਹਿਬ ਦੀ ਆਭਾ ਅਤੇ ਜਥੇਦਾਰ ਦੇ ਸਤਿਕਾਰਤ ਰੁਤਬੇ ਨੂੰ ਵੱਡੀ ਢਾਹ ਲਾਈ ਹੈ। ਬੇਸ਼ੱਕ ਸਿਆਸਤ ਨਾਲ ਗੱਠਜੋੜ ਦਾ ਹਿੱਸਾ ਬਣੇ ਬਿਨਾਂ ਜਥੇਦਾਰੀ ਕਾਇਮ ਰੱਖਣੀ ਆਸਾਨ ਨਹੀਂ ਰਿਹਾ, ਫਿਰ ਵੀ ਜਥੇਦਾਰ ਤੋਂ ਪੰਥਕ ਰਵਾਇਤਾਂ ਅਤੇ ਮਰਿਆਦਾਵਾਂ ਦੀ ਨਿਰਪੱਖ ਤਰਜਮਾਨੀ ਦੀ ਆਸ ਕੀਤੀ ਜਾਂਦੀ ਹੈ।

ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਾਰੇ ਸਵਾਲਾਂ ਦੇ ਜਵਾਬ ਅਤੇ ਇਤਰਾਜ਼ਾਂ ਦਾ ਨਿਪਟਾਰਾ ਹੋਣ 'ਤੇ ਹੀ ਸਾਂਝੀ ਮੀਟਿੰਗ ਹੋਣੀ ਹੈ ਤਾਂ ਫਿਰ ਮਾਹਿਰ ਕਮੇਟੀ ਦਾ ਗਠਨ ਕਿਸ ਮਕਸਦ ਲਈ ਕੀਤਾ ਗਿਆ ਸੀ?

ਜਦੋਂ ਕਿ 30 ਜੁਲਾਈ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਮੈਂਬਰੀ ਮਾਹਿਰ ਕਮੇਟੀ ਦਾ ਗਠਨ ਕਰਦਿਆਂ ਸੰਗਤ ਨੂੰ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਸੀ ਕਿ ਇਸ ਕਮੇਟੀ ਦਾ ਮਕਸਦ ਸੋਧ ਕਾਨੂੰਨ ਬਾਰੇ ਵਿਚਾਰ-ਵਟਾਂਦਰਾ ਕਰਨਾ ਅਤੇ ਸਰਕਾਰ ਨੂੰ ਇਸ ਕਮੇਟੀ ਨਾਲ ਰਾਬਤਾ ਕਾਇਮ ਕਰਕੇ ਕਾਨੂੰਨ ਬਾਰੇ ਸਹਿਮਤੀ ਬਣਾਉਣ ਲਈ ਕਿਹਾ ਗਿਆ ਸੀ। ਪਰ ਹੈਰਾਨੀ ਦੀ ਗੱਲ ਹੈ ਕਿ ਹੁਣ ਗੱਲਬਾਤ ਅੱਗੇ ਵਧਾਉਣ ਲਈ ਵੀ ਸ਼ਰਤਾਂ ਲਾਈਆਂ ਜਾ ਰਹੀਆਂ ਹਨ। ਕੀ ਇਹ ਆਪਣੇ ਪਹਿਲਾਂ ਦੇ ਸਟੈਂਡ ਤੋਂ ਪਿੱਛੇ ਹਟਣ ਦੇ ਬਰਾਬਰ ਨਹੀਂ?

ਪ੍ਰੋ. ਖਿਆਲਾ ਨੇ ਮਾਹਿਰ ਕਮੇਟੀ ਦੇ ਕੋਆਰਡੀਨੇਟਰ ਵੱਲੋਂ 17 ਨਵੰਬਰ ਨੂੰ ਸਰਕਾਰ ਦੀ ਤਾਲਮੇਲ ਕਮੇਟੀ ਨੂੰ ਲਿਖੀ ਚਿੱਠੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿੱਚ ਇਹ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਸੋਧ ਐਕਟ ਦੀਆਂ ਕੁਝ ਧਾਰਾਵਾਂ 'ਤੇ ਅਮਲ ਕਰਦਿਆਂ ਕੋਈ ਥਾਣੇਦਾਰ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਰੁਕਵਾ ਕੇ ਸ਼ਰਧਾਲੂ ਪਰਿਵਾਰ ਨੂੰ ਇਹ ਕਹਿ ਸਕਦਾ ਹੈ ਕਿ ਉਹ ਸ਼ਬਦ-ਗੁਰੂ ਦੇ ਪਾਵਨ ਸਰੂਪ ਦਾ ਸੀਰੀਅਲ ਨੰਬਰ ਦੇਖਣ ਆਇਆ ਹੈ। ਇਹ ਖ਼ਦਸ਼ਾ ਬੇਹੱਦ ਅਤਿਕਥਨੀਪੂਰਨ ਅਤੇ ਤਰਕਹੀਣ ਹੈ।

ਕੀ ਕੋਈ ਵੀ ਥਾਣੇਦਾਰ ਇੰਨਾ ਅਣਜਾਣ ਅਤੇ ਗੈਰ-ਜ਼ਿੰਮੇਵਾਰ ਹੋ ਸਕਦਾ ਹੈ ਕਿ ਉਹ ਆਮ ਧਾਰਮਿਕ ਮਰਿਆਦਾ ਦੇ ਬਿਲਕੁਲ ਉਲਟ ਜਾ ਕੇ ਅਜਿਹੀ ਹਰਕਤ ਕਰੇਗਾ? ਜੇਕਰ ਐਕਟ ਦੀ ਕਿਸੇ ਧਾਰਾ ਬਾਰੇ ਅਜਿਹਾ ਖ਼ਦਸ਼ਾ ਹੈ ਤਾਂ ਉਸ ਨੂੰ ਗੱਲਬਾਤ ਦੀ ਮੇਜ਼ 'ਤੇ ਰੱਖ ਕੇ ਸਪੱਸ਼ਟ ਕੀਤਾ ਜਾ ਸਕਦਾ ਹੈ। ਇਸ ਲਈ ਗੱਲਬਾਤ ਤੋਂ ਪਾਸਾ ਵੱਟਣ ਦੀ ਬਜਾਏ ਅਜਿਹੇ ਇਤਰਾਜ਼ਾਂ ਦਾ ਤਰਕਸੰਗਤ ਹੱਲ ਲੱਭਣਾ ਚਾਹੀਦਾ ਹੈ।

29 ਜੂਨ ਨੂੰ ਆਪ ਵਿਧਾਇਕਾਂ ਅਤੇ ਮੰਤਰੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਦੌਰਾਨ ਐਕਟ ਵਿੱਚ ਸੋਧ ਲਈ ਸਹਿਮਤੀ ਦੇਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਇਹ ਵਿਧਾਇਕ ਅਤੇ ਮੰਤਰੀ ਪਹਿਲਾਂ ਹੀ ਇਸ ਐਕਟ ਦੀਆਂ ਧਾਰਾਵਾਂ ਬਾਰੇ ਆਪਣੀ ਅਣਜਾਣਤਾ ਜ਼ਾਹਿਰ ਕਰ ਚੁੱਕੇ ਹਨ। ਇਸੇ ਕਾਰਨ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਦੋ ਵੱਖ-ਵੱਖ ਕਮੇਟੀਆਂ ਬਣਾਉਣ ਦੀ ਲੋੜ ਪਈ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਨਿਰਪੱਖਤਾ ਦੀ ਉਮੀਦ ਕੀਤੀ ਜਾਂਦੀ ਹੈ। ਪਰ ਕੀ ਇਸ ਮਾਮਲੇ ਨੂੰ ਹੋਰ ਲਟਕਾ ਕੇ ਕਿਸੇ ਇੱਕ ਧਿਰ ਨੂੰ ਸਿਆਸੀ ਲਾਭ ਪਹੁੰਚਾਉਣ ਦੀ ਕੋਸ਼ਿਸ਼ ਤਾਂ ਨਹੀਂ ਹੋ ਰਹੀ? ਇਸ ਸਮੇਂ ਗਠਿਤ ਦੋਵੇਂ ਕਮੇਟੀਆਂ ਵਿੱਚ ਪੰਥਕ ਆਗੂਆਂ ਦੇ ਨਾਲ-ਨਾਲ ਤਜਰਬੇਕਾਰ ਕਾਨੂੰਨੀ ਮਾਹਿਰ ਵੀ ਸ਼ਾਮਲ ਹਨ, ਜੋ ਇਸ ਮਾਮਲੇ ਦਾ ਸਥਾਈ ਅਤੇ ਢੁੱਕਵਾਂ ਹੱਲ ਕੱਢਣ ਦੇ ਸਮਰੱਥ ਹਨ।

ਉਨ੍ਹਾਂ ਕਿਹਾ ਕਿ ਗੁਰੂ ਕੀ ਸੰਗਤ ਨੂੰ ਹੁਣ ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਕਿਹੜੀ ਧਿਰ ਇਸ ਮਾਮਲੇ 'ਤੇ ਵਿਚਾਰ-ਵਟਾਂਦਰੇ ਲਈ ਅੱਗੇ ਆ ਰਹੀ ਹੈ ਅਤੇ ਕਿਹੜੀ ਧਿਰ ਬਹਾਨੇਬਾਜ਼ੀ ਕਰਕੇ ਵਿਚਾਰ-ਚਰਚਾ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਥਕ ਹਿੱਤਾਂ ਦੀ ਮੰਗ ਹੈ ਕਿ ਇਸ ਮਾਮਲੇ ਨੂੰ ਸਿਆਸੀ ਖਿੱਚੋਤਾਣ ਦਾ ਵਿਸ਼ਾ ਬਣਾਉਣ ਦੀ ਬਜਾਏ ਗੰਭੀਰਤਾ ਨਾਲ ਹੱਲ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਵਉੱਚ ਸਤਿਕਾਰ ਅਤੇ ਪੰਥ ਦੀਆਂ ਭਾਵਨਾਵਾਂ ਤੋਂ ਉੱਪਰ ਕੋਈ ਸਿਆਸੀ ਹਿੱਤ ਨਹੀਂ ਹੋ ਸਕਦਾ।

ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਬਾਗ਼ਬਾਨੀ ਵਿਕਾਸ ਅਫ਼ਸਰਾਂ ਦੀ ਭਰਤੀ ਪ੍ਰਕਿਰਿਆ ਤੇਜ਼ ਕਰਨ ਦੇ ਹੁਕਮ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬਾਗ਼ਬਾਨੀ ਖੇਤਰ ਨੂੰ ਪ੍ਰਫੁੱਲਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਬਾਗ਼ਬਾਨੀ ਵਿਕਾਸ ਅਫ਼ਸਰਾਂ ਦੀ ਭਰਤੀ ਜਲਦ ਕੀਤੀ ਜਾਵੇਗੀ। ਇਹ ਜਾਣਕਾਰੀ ਅੱਜ ਬਾਗ਼ਬਾਨੀ ਮੰਤਰੀ ਮੋਹਿੰਦਰ ਭਗਤ ਨੇ ਵਿਭਾਗ ਦੇ ਅਧਿਕਾਰੀਆਂ ਨਾਲ ਵਿਭਾਗੀ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸਾਂਝੀ ਕੀਤੀ।ਮੰਤਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐੱਸ.ਸੀ) ਵੱਲੋਂ ਇਨ੍ਹਾਂ ਅਸਾਮੀਆਂ ਬਾਰੇ ਨਤੀਜਾ ਐਲਾਨਿਆ ਜਾ ਚੁੱਕਾ ਹੈ ਅਤੇ ਭਰਤੀ ਸਬੰਧੀ ਅਗਲੀਆਂ ਲੋੜੀਂਦੀਆਂ ਕਾਰਵਾਈ ਵੀ ਪੂਰੀ ਹੋ ਚੁੱਕੀ ਹੈ। ਉਨ੍ਹਾ ਕਿਹਾ ਕਿ ਭਰਤੀ ਸਬੰਧੀ ਅਗਲੀ ਪ੍ਰਵਾਨਗੀ ਲੈਣ ਲਈ ਕੇਸ ਸਰਕਾਰ ਨੂੰ ਭੇਜਿਆ ਗਿਆ ਹੈ। ਭਗਤ ਨੇ ਕਿਹਾ ਕਿ ਵਿਭਾਗ ਵਿੱਚ ਲੋੜੀਂਦਾ ਸਟਾਫ਼ ਉਪਲਬਧ ਹੋਣ ਨਾਲ ਸਰਕਾਰ ਦੀਆਂ ਕਿਸਾਨ ਭਲਾਈ ਸਕੀਮਾਂ ਨੂੰ

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic:43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
Feel the difference BARKLEY
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

Serving Californians since 1999

Global Green
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006

10ਵਾਂ ਗੁਰੂ ਗੋਬਿੰਦ ਸਿੰਘ ਅੰਡਰ-17 ਹਾਕੀ ਚੈਂਪੀਅਨਸ਼ਿਪ 29 ਨਵੰਬਰ ਤੋਂ 2 ਦਸੰਬਰ ਤੱਕ ਲੁਧਿਆਣਾ ਵਿਖੇ

7 ਸਰਵੋਤਮ ਖਿਡਾਰੀ ਹੋਣਗੇ ਏਵਨ ਸਾਈਕਲਾਂ ਨਾਲ ਸਨਮਾਨਿਤ

ਲੁਧਿਆਣਾ
ਜਗਰੂਪ ਸਿੰਘ ਜਰਖੜ

ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ 10ਵੀਂ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ (ਅੰਡਰ-17 ਸਾਲ) ਮੁੰਡੇ ਅਤੇ ਕੁੜੀਆਂ ਦੇ ਵਰਗ ਵਿੱਚ 29 ਨਵੰਬਰ ਤੋਂ 2 ਦਸੰਬਰ 2026 ਤੱਕ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ, ਪੀ.ਏ.ਯੂ., ਲੁਧਿਆਣਾ ਵਿਖੇ ਕਰਵਾਈ ਜਾ ਰਹੀ ਹੈ।

12 ਟੀਮਾਂ ਲੈਣਗੀਆਂ ਹਿੱਸਾ

ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਸਰਪ੍ਰਸਤ ਪਦਮ ਸ਼੍ਰੀ ਬਲਦੇਵ ਸਿੰਘ, ਪ੍ਰਧਾਨ ਅਮਰੀਕ ਸਿੰਘ ਮਿਨਹਾਸ, ਜਨਰਲ ਸਕੱਤਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਅੰਡਰ-17 ਸਾਲ ਵਰਗ ਦੀਆਂ ਕੁੱਲ 12 ਟੀਮਾਂ ਹਿੱਸਾ ਲੈਣਗੀਆਂ। ਜਿਸ ਵਿੱਚ 8 ਟੀਮਾਂ ਮੁੰਡਿਆਂ ਦੀਆਂ ਅਤੇ 4 ਟੀਮਾਂ ਕੁੜੀਆਂ ਦੀਆਂ ਹੋਣਗੀਆਂ।

ਮੁੰਡਿਆਂ ਦੇ ਵਰਗ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਜਰਖੜ ਹਾਕੀ ਅਕੈਡਮੀ ਤੋਂ ਇਲਾਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸੰਗਰੂਰ ਹਾਕੀ ਅਕੈਡਮੀ, ਬਾਬਾ ਕਿਰਪਾਲ ਦਾਸ ਰਾਊਂਡਗਲਾਸ ਅਕੈਡਮੀ ਹੇਰਾਂ ਪੂਲ-ਏ ਵਿੱਚ ਅਤੇ ਪੂਲ-ਬੀ ਵਿੱਚ ਮਾਲਵਾ ਅਕੈਡਮੀ ਲੁਧਿਆਣਾ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ, ਏਕ ਨੂਰ ਅਕੈਡਮੀ ਤੇਹਿੰਗ (ਫਿਲੌਰ), ਮਹਾਰਾਜਾ ਰਣਜੀਤ ਸਿੰਘ ਅਕੈਡਮੀ ਅੰਮ੍ਰਿਤਸਰ ਲੀਗ ਦੌਰ ਵਿੱਚ ਖੇਡਣਗੀਆਂ। ਹਰ ਪੂਲ ਵਿੱਚੋਂ 2-2 ਟੀਮਾਂ ਸੈਮੀਫਾਈਨਲ



ਲਈ ਕੁਆਲੀਫਾਈ ਕਰਨਗੀਆਂ।

ਕੁੜੀਆਂ ਦੇ ਵਰਗ ਵਿੱਚ ਮੁੰਡੀਆਂ ਕਲਾਂ ਹਾਕੀ ਸੈਂਟਰ ਲੁਧਿਆਣਾ, ਹਾਕੀ ਸੈਂਟਰ ਚਚਰਾੜੀ, ਜਲਾਲਦੀਵਾਲ ਹਾਕੀ ਸੈਂਟਰ, ਡੀ.ਏ.ਵੀ. ਸਕੂਲ ਲੁਧਿਆਣਾ ਦੀਆਂ ਟੀਮਾਂ ਲੀਗ ਦੌਰ ਵਿੱਚ ਖੇਡਣਗੀਆਂ।

ਜੇਤੂਆਂ ਲਈ ਵੱਡੇ ਇਨਾਮ

- ਟੂਰਨਾਮੈਂਟ ਦੇ ਸਰਵੋਤਮ 7 ਖਿਡਾਰੀਆਂ ਨੂੰ ਏਵਨ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ।
- ਹੀਰੋ ਆਫ ਦਾ ਟੂਰਨਾਮੈਂਟ ਨੂੰ 11,000 ਰੁਪਏ ਦੀ ਲਾਗਤ ਵਾਲਾ ਟਾਪ-ਕਲਾਸ ਸਾਈਕਲ, ਜਦਕਿ ਸਰਵੋਤਮ ਗੋਲਕੀਪਰ, ਸਰਵੋਤਮ ਫੁੱਲਬੈਕ, ਸਰਵੋਤਮ ਹਾਫ ਬੈਕ ਅਤੇ ਵਧੀਆ ਫਾਰਵਰਡ ਨੂੰ ਵਧੀਆ ਸਾਈਕਲ ਦੇ ਕੇ ਸਨਮਾਨਿਆ ਜਾਵੇਗਾ।
- ਮੁੰਡਿਆਂ ਦੀ ਚੈਂਪੀਅਨ ਟੀਮ ਨੂੰ 25,000 ਰੁਪਏ, ਗੁਰੂ ਗੋਬਿੰਦ ਸਿੰਘ ਗੋਲਡ ਕੱਪ ਟਰਾਫੀ ਅਤੇ ਮੈਡਲ।
- ਉਪ-ਜੇਤੂ ਟੀਮ ਨੂੰ 18,000 ਰੁਪਏ ਅਤੇ ਮੈਡਲ।
- ਸੈਮੀਫਾਈਨਲ ਵਿੱਚ ਹਾਰਨ ਵਾਲੀਆਂ ਟੀਮਾਂ ਨੂੰ 10-10 ਹਜ਼ਾਰ ਰੁਪਏ।
- ਕੁੜੀਆਂ ਦੀ ਚੈਂਪੀਅਨ ਟੀਮ ਨੂੰ 15,000 ਰੁਪਏ, ਮੈਡਲ ਅਤੇ ਟਰਾਫੀ।
- ਉਪ-ਜੇਤੂ ਟੀਮ ਨੂੰ 11,000 ਰੁਪਏ ਅਤੇ ਮੈਡਲ।
- ਹਰ ਟੀਮ ਨੂੰ ਘੱਟੋ-ਘੱਟ 6,000 ਰੁਪਏ ਪਾਰਟੀਸੀਪੇਸ਼ਨ ਮਨੀ ਦਿੱਤੀ ਜਾਵੇਗੀ।
- ਇਸ ਤੋਂ ਇਲਾਵਾ 6 ਹੋਰ ਖਿਡਾਰੀਆਂ ਨੂੰ "ਈਅਰ ਆਫ ਦਾ ਐਵਾਰਡ" ਵਜੋਂ ਲੁਧਿਆਣਾ ਜ਼ਿਲ੍ਹੇ ਦੇ ਵੱਡੇ ਸਟਾਰ ਖਿਡਾਰੀਆਂ ਦੇ ਨਾਂਅ 'ਤੇ 5-5 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ।

29 ਨਵੰਬਰ ਨੂੰ ਟੂਰਨਾਮੈਂਟ ਦਾ ਉਦਘਾਟਨ ਗੁਰਮੀਤ ਸਿੰਘ ਖੁੱਡੀਆਂ, ਕੈਬਨਿਟ ਮੰਤਰੀ, ਪੰਜਾਬ ਕਰਨਗੇ। ਇਸ ਮੌਕੇ ਡਰੈਗਨ ਭੰਗੜਾ ਅਕੈਡਮੀ ਵੱਲੋਂ ਸੱਭਿਆਚਾਰਕ ਗੀਤਾਂ ਉੱਤੇ ਕੋਰੀਓਗ੍ਰਾਫੀ ਕਰਕੇ ਖਿਡਾਰੀਆਂ ਤੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਵੇਗਾ।

ਡੀਏਵੀ ਕਾਲਜ ਜਲੰਧਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਨੈਸ਼ਨਲ ਇੰਟੀਗ੍ਰੇਸ਼ਨ ਦਿਵਸ ਮਨਾਇਆ ਗਿਆ

ਜਲੰਧਰ
ਸਾਂਝੀ ਸੋਚ ਬਿਊਰੋ

ਡੀਏਵੀ ਕਾਲਜ ਜਲੰਧਰ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ, ਪ੍ਰਿੰਸੀਪਲ ਡਾ. ਅਨੁਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨੈਸ਼ਨਲ ਇੰਟੀਗ੍ਰੇਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਐੱਨ ਐੱਸ ਐੱਸ ਵਲੰਟੀਅਰਜ਼ ਨੇ ਆਪਣੇ ਪ੍ਰੋਗਰਾਮ ਅਫ਼ਸਰਾਂ ਨਾਲ਼ ਮਿਲ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਦੀ ਸਹੁੰ ਖਾਧੀ।

ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਪ੍ਰੋ. ਸੁਰੁਚੀ ਕਾਟਲਾ ਨੇ ਵਲੰਟੀਅਰਜ਼ ਨਾਲ਼ ਗੱਲਬਾਤ ਸਾਂਝੀ ਕਰਦਿਆਂ ਕਿਹਾ ਕਿ ਇਸ ਦਿਨ ਦਾ ਖ਼ਾਸ ਮਕਸਦ ਦੇਸ਼ ਵਿੱਚ ਕੌਮੀ ਏਕਤਾ ਅਤੇ ਅਖੰਡਤਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ।

ਧਰਮ, ਜਾਤ, ਭਾਸ਼ਾ ਅਤੇ ਸਭਿਆਚਾਰਕ ਵਖਰੇਵਿਆਂ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਾ ਹੀ ਸਾਡੇ ਦੇਸ਼ ਦੀ ਤਰੱਕੀ ਵਿੱਚ ਅਹਿਮ ਰੋਲ ਅਦਾ ਕਰ ਸਕਦਾ ਹੈ।



ਐੱਨ ਐੱਸ ਐੱਸ ਕੁਆਰਡੀਨੇਟਰ ਡਾ. ਸਾਹਿਬ ਸਿੰਘ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਦੇਸ਼ ਦੀ ਏਕਤਾ, ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣਾ ਸਾਡਾ ਸਭ ਦਾ ਨੈਤਿਕ ਫਰਜ਼ ਹੈ।

ਉਹਨਾਂ ਕਿਹਾ ਕਿ ਨੌਜਵਾਨਾਂ ਵਿੱਚ ਦੇਸ਼ ਪ੍ਰਤੀ ਪਿਆਰ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਹੋਣੀ ਬੇਹੱਦ ਜ਼ਰੂਰੀ ਹੈ। ਸਾਨੂੰ ਸਭ ਨੂੰ ਮਿਲ ਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਦੇਸ਼ ਵਿਰੋਧੀ ਬਾਹਰੀ ਤਾਕਤਾਂ ਦਾ ਸਖ਼ਤੀ ਨਾਲ਼ ਵਿਰੋਧ ਕਰਦੇ ਰਹਿਣਾ ਚਾਹੀਦਾ ਹੈ, ਇਹ ਫਰਜ਼ ਦੇਸ਼ ਦੇ ਹਰੇਕ ਨਾਗਰਿਕ ਦਾ ਹੋਣਾ ਚਾਹੀਦਾ ਹੈ। ਇਸ ਮੌਕੇ ਐੱਨ ਐੱਸ ਐੱਸ ਵਲੰਟੀਅਰਜ਼ ਤੋਂ ਇਲਾਵਾ ਡਾ. ਗੁਰਜੀਤ ਕੌਰ, ਡਾ. ਰਿਚਾ ਨਾਂਗਲਾ, ਡਾ. ਸੁਨੀਲ ਠਾਕੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਕੈਨੇਡਾ ਦੀ ਮੋਸਟ ਵਾਂਟੇਡ ਸੂਚੀ 'ਚ ਗੋਲਡੀ ਬਰਾੜ ਟਾਪ 'ਤੇ, 2.5 ਲੱਖ ਡਾਲਰ ਦਾ ਰੱਖਿਆ ਇਨਾਮ

ਓਟਵਾ
ਸਾਂਝੀ ਸੋਚ ਬਿਊਰੋ

ਅਮਰੀਕਾ ਤੋਂ ਬਾਅਦ ਹੁਣ ਕੈਨੇਡਾ ਵਿੱਚ ਵੀ ਗੈਂਗਸਟਰ ਗੋਲਡੀ ਬਰਾੜ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਕੈਨੇਡਾ ਦੇ ਬੋਲੋ ਪ੍ਰੋਗਰਾਮ ਨੇ ਆਪਣੀ ਨਵੀਂ ਟੌਪ-25 ਮੋਸਟ ਵਾਂਟੇਡ ਅਪਰਾਧੀਆਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਪਰ ਇਸ ਸੂਚੀ ਵਿੱਚ ਪੰਜਾਬ ਦੇ ਗੋਲਡੀ ਬਰਾੜ ਨੂੰ ਪਹਿਲੇ ਨੰਬਰ 'ਤੇ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਉਸ ਦੀ ਗ੍ਰਿਫ਼ਤਾਰੀ ਵਿੱਚ ਮਦਦਗਾਰ ਜਾਣਕਾਰੀ ਦੇਣ ਵਾਲੇ ਵਿਅਕਤੀ ਲਈ 2.5 ਲੱਖ ਕੈਨੇਡੀਅਨ ਡਾਲਰ ਤੱਕ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ।

ਬੋਲੋ ਪ੍ਰੋਗਰਾਮ ਵੱਲੋਂ 19 ਨਵੰਬਰ 2026 ਨੂੰ ਜਾਰੀ ਕੀਤੀ ਗਈ ਜਾਣਕਾਰੀ ਵਿੱਚ ਲੋਕਾਂ ਨੂੰ ਗੋਲਡੀ ਬਰਾੜ ਦੀ ਭਾਲ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ। ਗੋਲਡੀ ਬਰਾੜ ਦਾ ਅਸਲ ਨਾਮ ਸਤਿੰਦਰਜੀਤ ਸਿੰਘ ਹੈ। ਇਸ ਮਾਮਲੇ ਵਿੱਚ ਉਸ ਦੇ ਕਥਿਤ ਸਾਥੀ ਕਰਨਬੀਰ ਸਿੰਘ ਲਈ ਵੀ ਇਨਾਮ ਰੱਖਿਆ ਗਿਆ ਹੈ। ਕੈਨੇਡਾ ਪੁਲਿਸ ਨੂੰ ਗੋਲਡੀ ਬਰਾੜ ਅਤੇ ਕਰਨਬੀਰ ਸਿੰਘ ਦੀ ਭਾਲ 2023 ਵਿੱਚ ਵਿਨੀਪੈਗ ਵਿਖੇ ਹੋਏ ਸੁਖਦੂਲ ਸਿੰਘ ਗਿੱਲ ਉਰਫ ਸੁੱਖਾ ਦੁੱਨੇਕੇ ਦੇ ਕਤਲ ਮਾਮਲੇ ਵਿੱਚ ਹੈ। ਪੁਲਿਸ ਅਨੁਸਾਰ, 20 ਸਤੰਬਰ 2023 ਨੂੰ ਸਵੇਰੇ ਕਰੀਬ 10 ਵਜੇ ਵਿਨੀਪੈਗ ਦੇ ਉੱਤਰ-ਪੱਛਮੀ ਇਲਾਕੇ ਵਿੱਚ ਹੇਜ਼ਲਟਨ ਡਰਾਈਵ ਸਥਿਤ ਇੱਕ ਘਰ 'ਤੇ ਗੋਲੀਬਾਰੀ ਹੋਈ ਸੀ। ਮੌਕੇ 'ਤੇ ਪਹੁੰਚੀ ਪੁਲਿਸ ਨੂੰ 39 ਸਾਲਾ ਸੁਖਦੂਲ ਸਿੰਘ ਗਿੱਲ ਦੀ ਲਾਸ਼ ਮਿਲੀ ਸੀ। ਇਸ ਮਾਮਲੇ ਵਿੱਚ 23 ਫਰਵਰੀ 2026 ਨੂੰ ਗੋਲਡੀ ਬਰਾੜ ਅਤੇ ਕਰਨਬੀਰ ਸਿੰਘ ਖ਼ਿਲਾਫ਼ ਪਹਿਲੇ ਦਰਜੇ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ। ਇਸ ਤੋਂ ਬਾਅਦ ਦੋਵਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਜਾਰੀ ਕੀਤੇ ਗਏ। ਪੁਲਿਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ, ਗੋਲਡੀ ਬਰਾੜ ਦੀ ਉਮਰ 32 ਸਾਲ ਅਤੇ ਕਰਨਬੀਰ ਸਿੰਘ ਦੀ ਉਮਰ 26 ਸਾਲ ਹੈ। ਪੁਲਿਸ ਨੇ ਕਿਹਾ ਹੈ ਕਿ ਜੇਕਰ ਕਿਸੇ ਨੂੰ ਉਨ੍ਹਾਂ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਪੁਲਿਸ ਨੇ ਗੋਲਡੀ ਬਰਾੜ ਅਤੇ ਕਰਨਬੀਰ ਸਿੰਘ ਬਾਰੇ



ਜਾਣਕਾਰੀ ਦੇਣ ਲਈ (431) 334-9160 ਨੰਬਰ ਜਾਰੀ ਕੀਤਾ ਹੈ। ਕੈਨੇਡਾ ਤੋਂ ਪਹਿਲਾਂ ਅਮਰੀਕੀ ਏਜੰਸੀਆਂ ਵੀ ਗੋਲਡੀ ਬਰਾੜ ਖ਼ਿਲਾਫ਼ ਕਾਰਵਾਈ ਕਰ ਚੁੱਕੀਆਂ ਹਨ। 7 ਜੁਲਾਈ 2026 ਨੂੰ ਅਮਰੀਕੀ ਅਟਾਰਨੀ ਦਫ਼ਤਰ ਨੇ 'ਆਪਰੇਸ਼ਨ ਹਾਰਡ ਬਾਲ' ਤਹਿਤ ਕੀਤੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਸੀ। ਇਸ ਤੋਂ ਇਲਾਵਾ ਐਫਬੀਆਈ ਵੱਲੋਂ ਵੀ ਉਸ ਨੂੰ ਮੋਸਟ ਵਾਂਟੇਡ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਅਤੇ ਉਸ ਦੀ ਗ੍ਰਿਫ਼ਤਾਰੀ ਵਿੱਚ ਮਦਦਗਾਰ ਜਾਣਕਾਰੀ ਦੇਣ ਵਾਲੇ ਲਈ 10 ਲੱਖ ਅਮਰੀਕੀ ਡਾਲਰ ਦਾ ਇਨਾਮ ਰੱਖਿਆ ਗਿਆ ਹੈ।

'ਪੰਕਸ' ਅਕਾਦਮੀ ਵੱਲੋਂ ਪ੍ਰੋ. ਨਵ ਸੰਗੀਤ ਸਿੰਘ ਦਾ ਸਨਮਾਨ 22 ਨਵੰਬਰ ਨੂੰ

ਜਲੰਧਰ
ਸਾਂਝੀ ਸੋਚ ਬਿਊਰੋ


ਦੇਸ਼ ਦੀ ਇਕਲੌਤੀ ਪੁਰਾਤਨ ਹਿੰਦੀ ਸਾਹਿਤ ਸੇਵੀ ਸੰਸਥਾ 'ਪੰਜਾਬ ਕਲਾ ਸਾਹਿਤ ਅਕਾਦਮੀ' (ਰਜਿ.) ਜਲੰਧਰ ਦਾ 30 ਵਾਂ ਸਾਲਾਨਾ ਸਮਾਗਮ ਮਿਤੀ 22 ਨਵੰਬਰ 2026 ਦਿਨ ਐਤਵਾਰ ਨੂੰ ਲਾਇਨਜ਼ ਕਲੱਬ, ਲਾਜਪਤ ਨਗਰ ਜਲੰਧਰ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

ਅਕਾਦਮੀ ਦੇ ਮੁਖੀ ਸਿਮਰ ਸਦੋਸ਼ ਵੱਲੋਂ ਜਾਰੀ ਇੱਕ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਇਸ ਸਮਾਗਮ ਵਿੱਚ ਵਿਭਿੰਨ ਖੇਤਰਾਂ ਵਿੱਚ ਸ਼੍ਰੇਸ਼ਟ ਸੇਵਾਵਾਂ ਨਿਭਾਉਣ ਵਾਲੀਆਂ 32 ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਅਕਾਦਮੀ ਦੇ ਡਾਇਰੈਕਟਰ ਡਾ. ਜਗਦੀਪ ਸਿੰਘ, ਨਰੇਸ਼ ਮਹਿਰਾ, ਡਾ. ਆਸ਼ਾ ਸ਼ੈਲੀ ਅਤੇ ਜਨਰਲ ਸਕੱਤਰ ਸੁਕ੍ਰਾਂਤ ਸਫ਼ਰੀ ਦੀ ਦੇਖਰੇਖ ਹੇਠ ਹੋ ਰਹੇ ਇਸ ਸਮਾਗਮ ਵਿੱਚ ਰਾਸ਼ਟਰੀ ਸ਼ੌਰਯ ਸਨਮਾਨ, ਰਾਸ਼ਟਰੀ ਮਾਨਵ ਸੇਵਾ ਰਤਨ ਸਨਮਾਨ, ਰਾਸ਼ਟਰੀ ਸ਼ਿਕਸ਼ਾ ਰਤਨ ਸਨਮਾਨ, ਵਿਰਾਸਤੀ ਫੁਲਕਾਰੀ ਸਨਮਾਨ, ਰਾਸ਼ਟਰੀ ਪੱਤਰਕਾਰੀ ਸਨਮਾਨ, ਰਾਸ਼ਟਰੀ ਸ਼ਿਰੋਮਣੀ ਪੱਤਰਕਾਰੀ ਸਨਮਾਨ, ਰਾਸ਼ਟਰੀ ਮੀਡੀਆ ਅਕਾਦਮੀ ਸਨਮਾਨ, ਰਾਸ਼ਟਰੀ ਅਨੁਵਾਦ ਸ੍ਰੇਸ਼ਟ ਸਨਮਾਨ, ਅੰਤਰਰਾਸ਼ਟਰੀ ਪਰਵਾਸੀ ਸਾਹਿਤ ਸਨਮਾਨ, ਅੰਤਰਰਾਸ਼ਟਰੀ ਪ੍ਰਕਾਸ਼ਨ ਸਨਮਾਨ, ਅਦਬ ਨਵਾਜ਼ੀ ਸਨਮਾਨ, ਰਾਸ਼ਟਰੀ ਵਿਸ਼ਿਸ਼ਟ ਅਕਾਦਮੀ ਸਨਮਾਨ ਆਦਿ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਪੰਜਾਬੀ ਦੇ ਜਾਣੇ-ਪਛਾਣੇ ਲੇਖਕ ਅਤੇ ਅਨੁਵਾਦਕ ਪ੍ਰੋ. ਨਵ ਸੰਗੀਤ ਸਿੰਘ ਨੂੰ ਅਕਾਦਮੀ ਵੱਲੋਂ ਰਾਸ਼ਟਰੀ ਅਨੁਵਾਦ ਪੁਰਸਕਾਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪ੍ਰੋ. ਸਿੰਘ ਨੇ ਹੁਣ ਤੱਕ 30 ਕਿਤਾਬਾਂ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ, ਜਿਨ੍ਹਾਂ ਵਿੱਚੋਂ 18 ਕਿਤਾਬਾਂ ਛਪ ਚੁੱਕੀਆਂ ਹਨ। ਉਨ੍ਹਾਂ ਨੇ ਅਨੁਵਾਦ ਦੇ ਕਾਰਜ ਨੂੰ ਇੱਕ ਚੈਲੰਜ ਵਜੋਂ ਪ੍ਰਵਾਨ ਕੀਤਾ ਹੈ ਤੇ ਇਹ ਕੰਮ ਉਹ 1986 ਤੋਂ ਨਿਰੰਤਰ ਕਰਦੇ ਆ ਰਹੇ ਹਨ। ਉਨ੍ਹਾਂ ਦੀਆਂ ਪ੍ਰਕਾਸ਼ਿਤ ਕਿਤਾਬਾਂ ਵਿੱਚੋਂ ਦੋ ਕਿਤਾਬਾਂ ਨੈਸ਼ਨਲ ਬੁੱਕ ਟ੍ਰੱਸਟ ਇੰਡੀਆ ਨੇ ਛਾਪੀਆਂ ਹਨ।

ਅੰਮ੍ਰਿਤਸਰ: ਕੁੜੀ ਨੂੰ ਟੱਕਰ ਮਾਰਨ ਵਾਲਾ ਕਾਂਸਟੇਬਲ ਮੁਅੱਤਲ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਅੰਮ੍ਰਿਤਸਰ ਵਿੱਚ ਇੱਕ ਪੁਲਿਸ ਕਾਂਸਟੇਬਲ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਜਿਸ ਨੇ ਸ਼ਰਾਬ ਦੇ ਨਸ਼ੇ ਵਿੱਚ ਆਪਣੀ ਕਾਰ ਨਾਲ 12 ਸਾਲਾ ਲੜਕੀ ਨੂੰ ਟੱਕਰ ਮਾਰ ਦਿੱਤੀ ਸੀ। ਇਸ ਘਟਨਾ ਵਿੱਚ ਲੜਕੀ ਦੀਆਂ ਲੱਤਾਂ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਇਹ ਪੁਸ਼ਟੀ ਹੋਈ ਹੈ ਕਿ ਉਸਦੇ ਫ੍ਰੈਕਚਰ ਹੋਇਆ ਹੈ।



ਹਾਦਸੇ ਤੋਂ ਬਾਅਦ, ਉੱਥੇ ਮੌਜੂਦ ਲੋਕਾਂ ਨੇ ਦੋਸ਼ੀ ਕਾਂਸਟੇਬਲ ਨੂੰ ਫੜ ਲਿਆ। ਉਹ ਪੁਲਿਸ ਦੀ ਵਰਦੀ ਵਿੱਚ ਸੀ ਅਤੇ ਇੰਨਾ ਨਸ਼ੇ ਵਿੱਚ ਸੀ ਕਿ ਮੁਸ਼ਕਿਲ ਨਾਲ ਖੜ੍ਹਾ ਹੋ ਸਕਦਾ ਸੀ। ਉਸ ਦੀ ਕਾਰ ਦੀ ਤਲਾਸ਼ੀ ਲੈਣ 'ਤੇ ਸ਼ਰਾਬ ਦੀ ਇੱਕ ਬੋਤਲ ਦੇ ਨਾਲ-ਨਾਲ ਬੀੜੀਆਂ ਅਤੇ ਸਿਗਰਟਾਂ ਵੀ ਮਿਲੀਆਂ। ਸਥਾਨਕ ਲੋਕਾਂ ਨੇ ਦੋਸ਼ੀ ਅਤੇ ਉਸ ਦੀ ਗੱਡੀ ਦੀ ਵੀਡੀਓ ਬਣਾ ਲਈ। ਬਾਅਦ ਵਿੱਚ, ਉਨ੍ਹਾਂ ਨੇ ਉਸ ਨੂੰ ਅਤੇ ਉਸ ਦੀ ਕਾਰ ਨੂੰ ਸੁਲਤਾਨਵਿੰਡ ਥਾਣੇ ਦੇ ਹਵਾਲੇ ਕਰ ਦਿੱਤਾ। ਇਹ ਘਟਨਾ ਵੀਰਵਾਰ ਸ਼ਾਮ 5:30 ਵਜੇ ਵਾਪਰੀ।

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS
- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES
- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY
- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਜ਼ਿੰਦਗੀ ਦੇ ਮਕਸਦ ਸੰਗ ਸੰਵਾਦ ਰਚਾਉਂਦੀ ਨਿਬੰਧਕਾਰੀ: ਜ਼ਿੰਦਗੀ ਜਸ਼ਨ ਹੈ



ਡਾ.ਗੁਰਬਖ਼ਸ਼ ਸਿੰਘ ਭੰਡਾਲ ਬਹੁਤ ਪ੍ਰਸਿੱਧ ਤੇ ਬਹੁ ਭਾਂਤੀ ਲੇਖਕ ਹੈ। ਉਸਨੇ ਪੰਜਾਬੀ ਕਵਿਤਾ,ਵਾਰਤਕ ਤੇ ਸਮੀਖਿਆ ਦੇ ਖੇਤਰ ਵਿੱਚ ਗੁਣਾਤਮਿਕ ਤੇ ਗੁਣਾਤਮਿਕ ਪੱਖ ਤੋਂ ਨਿੱਠ ਕੇ ਕੰਮ ਕੀਤਾ ਹੈ ਤੇ ਕਰ ਰਿਹਾ ਹੈ। ਕੁਝ ਪੱਤਰ-ਪੱਤ੍ਰਕਾਵਾਂ ਵਾਸਤੇ ਨਿਯਮਤ ਰੂਪ ਵਿੱਚ ਹਫ਼ਤਾਵਾਰੀ ਕਾਲਮ ਲਿਖਣ ਦੇ ਸ਼ੌਕ ਨੇ ਉਸਦੇ ਲਿਖਣ ਕਾਰਜ ਦੇ ਸਿਲਸਿਲੇ ਨੂੰ ਹੋਰ ਵਿਸਥਾਰ ਪ੍ਰਦਾਨ ਕੀਤਾ ਹੈ। 'ਜ਼ਿੰਦਗੀ ਜਸ਼ਨ ਹੈ' ਉਸਦੀ 22ਵੀਂ ਪੁਸਤਕ ਹੈ,ਜਿਸ ਵਿੱਚ 33 ਨਿਬੰਧ ਸ਼ਾਮਲ ਹਨ। ਇਨ੍ਹਾਂ ਨਿਬੰਧਾਂ ਵਿੱਚੋਂ ਬਹੁਤੇ ਨਿਬੰਧ ਪੁਸਤਕ ਰੂਪ ਵਿੱਚ ਸ਼ਾਮਲ ਕੀਤੇ ਜਾਣ ਤੋਂ ਪਹਿਲਾਂ ਵਿਭਿੰਨ ਅਖਬਾਰਾਂ,ਮੈਗਜ਼ੀਨਾਂ ਵਿੱਚ ਸਥਾਨ ਹਾਸਲ ਕਰਨ ਉਪਰੰਤ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਪ੍ਰਾਪਤ ਕਰ ਚੁੱਕੇ ਹਨ।

ਵਿਸ਼ਵ ਦੇ ਪ੍ਰਸਿੱਧ ਧਰਮਾਂ,ਚਿੰਤਕਾਂ,ਵਿਦਵਾਨਾਂ, ਲੇਖਕਾਂ,ਸਮਾਜ ਸ਼ਾਸਤਰੀਆਂ,ਮਾਨਵ ਵਿਗਿਆਨੀਆਂ ਆਦਿ ਨੇ ਜ਼ਿੰਦਗੀ ਨੂੰ ਵੱਖ ਵੱਖ ਕੋਣਾਂ ਤੋਂ ਵੇਖਣ/ਸਮਝਣ ਉਪਰੰਤ ਅਤੇ ਜ਼ਿੰਦਗੀ ਦੇ ਮਨੋਰਥ ਨੂੰ ਸਮਝਾਉਣ ਹਿਤ ਇਸਨੂੰ ਆਪਣੇ ਆਪਣੇ ਨਜ਼ਰੀਏ ਤੋਂ ਪਰਿਭਾਸ਼ਿਤ ਕੀਤਾ ਹੈ। ਡਾ. ਗੁਰਬਖ਼ਸ਼ ਸਿੰਘ ਭੰਡਾਲ ਇਸ ਪੁਸਤਕ ਵਿੱਚ ਆਪਣੇ ਬਹੁਪੱਖੀ ਅਨੁਭਵ ਦੇ ਆਧਾਰ 'ਤੇ ਜ਼ਿੰਦਗੀ ਦੀ ਨਿਰਖ-ਪਰਖ ਕਰਦਿਆਂ ਇਸਨੂੰ ਪਰਿਭਾਸ਼ਿਤ ਕਰਨ ਦਾ ਸੁਹਿਰਦ ਉਪਰਾਲਾ ਕਰਦਾ ਨਜ਼ਰ ਆਉਂਦਾ ਹੈ। ਜ਼ਿੰਦਗੀ ਨੂੰ ਉਹ ਸਾਲਾਂ ਮਹੀਨਿਆਂ ਵਿੱਚ ਨਹੀਂ ਆਂਕਦਾ। ਉਹ ਜ਼ਿੰਦਗੀ ਨੂੰ ਜੀਊਣ ਦੀ ਕੁਆਲਿਟੀ,ਜ਼ਿੰਦਗੀ ਵਿੱਚ ਕੰਮ ਕਰਨ ਦੇ ਪੱਧਰ ਅਤੇ ਜ਼ਿੰਦਗੀ ਦੀ ਗੁਣਵੱਤਾ ਦੇ ਆਧਾਰ 'ਤੇ ਮਿਣਦਾ-ਤੋਲਦਾ ਤੇ ਪਰਿਭਾਸ਼ਿਤ ਕਰਦਾ ਹੈ। ਇਕ ਵਾਰ ਮਿਲਦੀ ਜ਼ਿੰਦਗੀ ਨੂੰ ਆਪਣੇ ਅਕੀਦਿਆਂ,ਮਰਜ਼ੀ ਤੇ ਆਪਣੇ ਤਕਾਜ਼ਿਆਂ ਅਨੁਸਾਰ ਜੀਊਣ ਵਾਲੇ ਲੋਕਾਂ ਨੂੰ ਲੇਖਕ ਖੂਬਸੂਰਤ ਤੇ ਬਿਹਤਰੀਨ ਮਨੁੱਖ ਤਸੱਵਰ ਕਰਦਾ ਹੈ। ਜ਼ਿੰਦਗੀ ਮਾਣਨ ਲਈ ਹੈ। ਕੁਝ ਯਾਦ ਕਰਨ ਯੋਗ ਕੰਮ ਕਰਕੇ ਅਤੇ ਯਾਦਾਂ ਛੱਡ ਕੇ ਜਾਣ ਨੂੰ ਹੀ ਲੇਖਕ ਜ਼ਿੰਦਗੀ ਦਾ ਮਕਸਦ ਸਮਝਦਾ ਹੈ। ਚੜ੍ਹਦੀ ਕਲਾ ਵਿੱਚ ਰਹਿਣ ਦਾ ਨਾਂ ਹੀ ਜ਼ਿੰਦਗੀ ਹੈ। ਆਪਣਾ ਘਰ ਮਨੁੱਖ ਲਈ ਬਿਹਤਰੀਨ ਸਥਾਨ ਹੁੰਦਾ ਹੈ। ਲੇਖਕ ਟਾਹਣੀਆਂ 'ਤੇ ਲਗਰਾਂ ਫੁੱਟਣ ਨੂੰ,ਉੱਡਣ ਲਈ ਤਾਂਘਦੇ ਆਲ੍ਹਣੇ ਦੇ ਬੋਟਾਂ ਨੂੰ,ਕੁਦਰਤ ਦੀ ਗੋਦ ਵਿੱਚ ਖੇਡਣ ਨੂੰ,ਨਵੀਆਂ ਰਾਹਾਂ ਦੀ ਤਲਾਸ਼ ਕਰਨ ਨੂੰ,ਕਿਸੇ ਦੀ ਜ਼ਿੰਦਗੀ ਦੇ ਖਾਲੀਪਨ ਨੂੰ ਭਰਨ ਨੂੰ,ਕਿਸੇ ਦੀ ਇਕੱਲਤਾ ਦੂਰ ਕਰਨ ਨੂੰ ਜ਼ਿੰਦਗੀ ਦੇ ਮਨੋਰਥ ਵਿੱਚ ਸ਼ਾਮਲ ਕਰਦਾ ਹੈ। ਸਫਲਤਾ ਦੀ ਟੀਸੀ 'ਤੇ ਪਹੁੰਚਣ,ਬਨੇਰਿਆਂ 'ਤੇ ਚਿਰਾਗ਼ ਬਾਲਣ,ਬਚਪਨ ਨੂੰ ਯਾਦ ਕਰਨ,ਰਿਸ਼ਤਿਆਂ ਵਿੱਚ ਨਿੱਘ ਭਰਨ ਅਤੇ ਕਿਸੇ ਨੂੰ ਖੁਸ਼ੀ ਦੇ ਪਲ ਮੁਹੱਈਆ ਕਰਾਉਣ ਨੂੰ ਆਪਣੀ ਖੁਸ਼ਕਿਸਮਤੀ ਸਮਝਣਾ ਚਾਹੀਦਾ ਹੈ। ਲੇਖਕ ਆਪਣੇ ਪਿੰਡ,ਸਕੇ-ਸਨੇਹੀਆਂ,ਨਵੇਂ ਪੁਰਾਣੇ ਦੋਸਤਾਂ ਆਦਿ ਦੀ ਖ਼ੈਰ-ਸੁੱਖ ਮੰਗਦਾ ਹੈ। ਲੇਖਕ ਚਾਹੁੰਦਾ ਹੈ ਕਿ ਮਿੱਤਰਾਂ ਦੇ ਸੁੱਖ-ਸਾਂਦ ਦੇ ਖ਼ਤਾਂ ਦਾ ਆਦਾਨ ਪ੍ਰਦਾਨ ਬਾਦਸਤੂਰ ਹੁੰਦਾ ਰਹੇ !ਦੋਸਤਾਂ ਮਿੱਤਰਾਂ ਤੇ ਆਪਣਿਆਂ ਦੀ ਸੁੱਖ-ਸਾਂਦ ਪੁੱਛਣ ਤੇ ਉਨ੍ਹਾਂ ਦੀ ਖ਼ੈਰ-ਸੁੱਖ ਮੰਗਣ ਵਿੱਚ ਕਦੇ ਵੀ ਦੇਰੀ ਨਹੀਂ ਕਰਨੀ ਚਾਹੀਦੀ।

ਚਾਹ ਦਾ ਕੱਪ ਪੀਣ ਲਈ ਇਕੱਠਿਆਂ ਬੈਠਣ ਵੇਲੇ ਦੀਆਂ ਯਾਦਾਂ,ਪੁਰਾਣੀਆਂ ਸਾਂਝਾਂ,ਦੋਸਤਾਂ ਦੀਆਂ ਮਹਿਫ਼ਿਲਾਂ,ਸੁਹਾਵਣੇ ਤੇ ਹੁਸੀਨ ਪਲਾਂ ਨੂੰ ਲੇਖਕ ਬੜੇ ਮੋਹ ਤੇ ਸ਼ਿੱਦਤ ਨਾਲ ਯਾਦ ਕਰਦਾ ਹੈ। ਸਮੇਂ ਦੀ ਤਾਂਘ ਹਮੇਸ਼ਾ ਬਣੀ ਰਹਿੰਦੀ ਹੈ। ਰਾਹਾਂ 'ਤੇ ਚੱਲਦਿਆਂ ਅਚਾਨਕ ਬਣ ਜਾਂਦੇ ਰਿਸ਼ਤਿਆਂ ਬਾਰੇ,ਉਨ੍ਹਾਂ ਵਿਚਲੇ ਨਿੱਘ ਤੇ ਹੰਢਣਸਾਰਤਾ ਬਾਰੇ ਲੇਖਕ ਬੜੀਆਂ ਭਾਵਪੂਰਤ ਗੱਲਾਂ ਕਹਿੰਦਾ ਹੈ। ਕਿਸੇ ਵੀ ਮਨੁੱਖ ਦੀ ਜ਼ਿੰਦਗੀ ਸੰਪੂਰਨ ਨਹੀਂ ਹੁੰਦੀ,ਕੋਈ ਵੀ ਪ੍ਰਫੈਕਟ ਨਹੀਂ ਹੁੰਦਾ। ਜ਼ਿੰਦਗੀ ਵਿੱਚ ਘਾਟਾਂ,ਊਣਤਾਈਆਂ,ਤਰੇੜਾਂ,ਵਿਰਲਾਂ,ਵਿੱਥਾਂ ਰਹਿ ਹੀ ਜਾਂਦੀਆਂ ਹਨ। ਮਨੁੱਖ ਦੇ ਆਪਣੇ ਦਾਇਰੇ ਦੇ ਲੋਕਾਂ ਨਾਲ ਸਬੰਧ ਵੀ ਹਮੇਸ਼ਾ ਇਕਸਾਰ ਨਹੀਂ ਰਹਿੰਦੇ। ਅਜਿਹੇ ਨੂੰ ਬਹੁਤੀ ਸੰਜੀਦਗੀ ਨਾਲ ਨਹੀਂ ਲੈਣਾ ਚਾਹੀਦਾ। ਮਿਲਦੇ-ਗਿਲਦੇ ਰਹਿਣ ਦਾ ਨਾਂ ਹੀ ਜ਼ਿੰਦਗੀ ਹੈ। ਅਜਿਹੇ ਅਭਿਆਸ ਨਾਲ ਮਨੁੱਖ ਸਾਕਾਰਾਤਮਿਕ ਊਰਜਾ ਗ੍ਰਹਿਣ ਕਰ ਸਕਦਾ ਹੈ।

'ਸਭ ਠੀਕ ਠਾਕ ਹੈ' ਨਿਬੰਧ ਮਨੁੱਖ ਦੇ ਓਹਲੇ ਦੀ,ਉਸਦੀਆਂ ਕਮਜ਼ੋਰੀਆਂ ਦੀ ਗੱਲ ਕਰਦਾ ਹੈ। ਹਾਲ ਚਾਲ ਪੁੱਛਦਿਆਂ-ਦੱਸਦਿਆਂ ਜਦੋਂ ਕੋਈ 'ਸਭ ਠੀਕ ਠਾਕ ਹੈ' ਕਹਿੰਦਾ ਹੈ ਤਾਂ ਉਹ ਬਹੁਤ ਕੁਝ ਲੁਕੋ ਵੀ ਰਿਹਾ ਹੁੰਦਾ ਹੈ। ਹੁਣਵੀਂ ਜ਼ਿੰਦਗੀ ਦਾ ਇਹ ਦਸਤੂਰ ਬਣ ਗਿਆ ਹੈ। ਮਨੁੱਖ ਨੇ ਆਪਣੀ ਜ਼ਿੰਦਗੀ ਵਿੱਚ ਮਸਨੂਈਪਨ ਵਧਾ ਲਿਆ ਹੈ। ਬੰਦੇ ਵਿੱਚੋਂ ਬੰਦਾ ਗ਼ੈਰਹਾਜ਼ਰ ਹੁੰਦਾ ਜਾ ਰਿਹਾ ਹੈ। ਇਹ ਕੇਹੀ ਵਿਡੰਬਣਾ ਹੈ ਕਿ ਉਸ ਗੁੰਮ- ਗਵਾਚ ਗਏ ਬੰਦੇ ਨੂੰ ਲੱਭਣਾ ਬਹੁਤ ਕਠਿਨ ਹੈ। ਇਹ ਅਜੋਕੇ ਮਕਾਨਕੀ ਮਨੁੱਖ ਦੀ ਜ਼ਿੰਦਗੀ ਦਾ ਸੰਕਟ ਹੈ,ਜਿਸਨੂੰ ਡਾ.ਗੁਰਬਖ਼ਸ਼ ਸਿੰਘ ਭੰਡਾਲ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਤੇ ਬਿਆਨਦਾ ਹੈ। ਮਨੁੱਖ ਦੇ ਬੋਲਾਂ ਬਾਰੇ,ਹਰਫ਼ਾਂ ਬਾਰੇ ਲੇਖਕ ਜਦੋਂ ਬੜੀਆਂ ਸੂਖਮ ਗੱਲਾਂ ਕਰਦਾ ਹੈ ਤਾਂ ਉਸਦੀ ਵਰਤਾਰਿਆਂ ਨੂੰ ਬਾਰੀਕਬੀਨੀ ਨਾਲ ਸਮਝਣ ਵਾਲੀ ਨੀਝ ਬਾਰੇ ਤੇ ਲੋਕਾਂ ਦੇ ਚਲਨ ਨੂੰ ਵੇਖਣ/ਸਮਝਣ ਵਾਲੀ ਮਹੀਨ ਦ੍ਰਿਸ਼ਟੀ ਬਾਰੇ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

ਇਨ੍ਹਾਂ ਨਿਬੰਧਾਂ ਵਿੱਚ ਕਵਿਤਾ ਬਾਰੇ ਵਿਸਤ੍ਰਿਤ ਵਿਚਾਰ ਪ੍ਰਗਟਾਉਂਦਿਆਂ ਲੇਖਕ ਦਾ ਕਵੀ ਮਨ ਵੀ ਹਾਜ਼ਿਰ ਹੁੰਦਾ ਨਜ਼ਰ ਆਉਂਦਾ ਹੈ। ਉਸਦੀ ਵਾਰਤਕ ਵਿੱਚ ਕਵਿਤਾ ਵਰਗਾ ਵੇਗ ਹੈ,ਕਾਵਿ ਅੰਸ਼ਾਂ ਦਾ ਨਿਰੰਤਰ ਚੱਲਦਾ ਪ੍ਰਵਾਹ ਹੈ। ਜ਼ਿੰਦਗੀ ਬਾਰੇ,ਜ਼ਿੰਦਗੀ ਜੀਉਣ ਦੇ ਹੁਨਰ ਬਾਰੇ,ਜ਼ਿੰਦਗੀ ਜੀਉਣ ਦੇ ਜਜ਼ਬੇ ਬਾਰੇ,ਜ਼ਿੰਦਗੀ ਦੀ ਖੂਬਸੂਰਤੀ ਬਾਰੇ,ਜ਼ਿੰਦਗੀ ਨੂੰ ਜਸ਼ਨ ਸਮਝ ਕੇ ਇਸ ਜਸ਼ਨ ਨੂੰ ਜ਼ਿੰਦਾਦਿਲੀ ਨਾਲ ਮਨਾਉਣ ਦੀ ਰੀਝ(ਜਾਚ)ਬਾਰੇ ਲੇਖਕ ਬਹੁਤ ਅਰਥ ਭਰਪੂਰ ਗੱਲਾਂ ਕਰਦਾ ਹੈ। ਆਸ਼ਾਵਾਦੀ ਹੋਣ ਨਾਲ ਜ਼ਿੰਦਗੀ ਨੂੰ ਹੋਰ ਵਧੇਰੇ ਰਸਦਾਇਕ ਤੇ ਅਨੰਦ ਭਰਪੂਰ ਬਣਾਇਆ ਜਾ ਸਕਦਾ ਹੈ। ਜ਼ਿੰਦਗੀ ਪ੍ਰਤੀ ਧਾਰਨ ਕੀਤਾ ਨਜ਼ਰੀਆ ਹੀ ਮਨੁੱਖ ਦੀ ਜ਼ਿੰਦਗੀ ਨੂੰ ਜਸ਼ਨ ਬਣਾ ਸਕਦਾ ਹੈ। ਜਾਗ ਕੇ ਜੀਊਣ ਦਾ ਨਾਮ ਹੀ ਜ਼ਿੰਦਗੀ ਹੈ ! ਅਜਿਹੇ ਨਿਬੰਧਾਂ ਰਾਹੀਂ ਹੀ ਇਸ ਪੁਸਤਕ ਦੀ ਰਚਨਾ ਕਰਨ ਦਾ ਮਕਸਦ ਸਮਝਿਆ ਜਾ ਸਕਦਾ ਹੈ। 'ਉਮਰਾਂ ਦੀ ਧੂੜ ਝਾੜੋ' ਨਿਬੰਧ ਵਿੱਚ ਵੀ ਜ਼ਿੰਦਗੀ ਨੂੰ ਹੋਰ ਕੋਣਾਂ ਤੋਂ ਵੇਖਣ/ਸਮਝਣ ਦਾ ਯਤਨ ਕੀਤਾ ਗਿਆ ਹੈ। ਜ਼ਿੰਦਗੀ ਵਿੱਚ ਕੁਝ ਵੀ ਪਾਉਣਾ ਕਦੇ ਵੀ ਆਸਾਨ ਨਹੀਂ ਹੁੰਦਾ। ਕੋਈ ਵਿਸ਼ੇਸ਼ ਪ੍ਰਾਪਤੀ ਕਰਨੀ ਬਹੁਤ ਕਠਿਨ ਹੁੰਦੀ ਹੈ। ਕੋਈ ਵੀ ਪ੍ਰਾਪਤੀ ਕਰਨ ਲਈ ਰੁਕਾਵਟਾਂ ਦਾ,ਔਕੜਾਂ ਦਾ,ਦੁਸ਼ਵਾਰੀਆਂ ਦਾ,ਝੱਖੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੇਖਕ ਜ਼ਿੰਦਗੀ ਨੂੰ ਸਰਲ ਸਪਸ਼ਟ ਰੱਖਣ,ਮਨ ਸਾਫ਼ ਰੱਖਣ ਅਤੇ ਜੀਵਨ ਨੂੰ ਨਿਖਾਰਨ ਦੀ ਲੋੜ 'ਤੇ ਵੀ ਬਲ ਦਿੰਦਾ ਹੈ। ਲੇਖਕ ਕਾਮਯਾਬ ਤੇ ਬੋਝ ਰਹਿਤ ਜ਼ਿੰਦਗੀ ਜਿਉਣ ਦੇ ਗੁਰ ਦੱਸਦਾ ਹੈ ਤੇ ਜ਼ਿੰਦਗੀ ਦੇ ਗੁੰਝਲਦਾਰ ਅਰਥਾਂ ਤੱਕ ਰਸਾਈ ਕਰਨ ਦਾ ਯਤਨ ਕਰਦਾ ਹੈ। ਲੇਖਕ ਕੋਲ ਵਿਚਾਰਾਂ ਦਾ ਭੰਡਾਰ ਏਨਾਂ ਤੀਬਰ ਤੇ ਤੀਖਣ ਹੈ ਕਿ ਇਕ ਵਿਸ਼ੇ ਉਪਰ ਲਿਖਦਿਆਂ ਵਿਚਾਰਾਂ ਨੂੰ ਜਦੋਂ ਉਹ ਇਕ ਨਿਬੰਧ ਵਿੱਚ ਨਹੀਂ ਸਮੇਟ ਸਕਦਾ ਤਾਂ ਇਕ ਤੋਂ ਵੱਧ ਨਿਬੰਧਾਂ ਤੱਕ ਉਨ੍ਹਾਂ ਦਾ ਵਿਸਥਾਰ ਕਰਦਾ ਹੈ। ਉਦਾਹਰਣ ਵਜੋਂ ਜ਼ਿੰਦਗੀ ਤੇ ਕਵਿਤਾ ਬਾਰੇ ਲਿਖਣ ਦਾ ਸਿਲਸਿਲਾ ਕਈ ਨਿਬੰਧਾਂ ਵਿੱਚ ਚੱਲਦਾ ਰਹਿੰਦਾ ਹੈ। ਸਬੰਧਤ ਵਿਸ਼ੇ ਉਪਰ ਲਿਖੇ ਉਹ ਨਿਬੰਧ ਇਕ ਦੂਜੇ ਦੇ ਪੂਰਕ ਬਣਦੇ ਹਨ। ਕਿਤਾਬ ਬਾਰੇ,ਕਿਤਾਬ ਦੀ ਰਚਨਾ ਕਰਨ ਬਾਰੇ,ਕਿਤਾਬ ਦੇ ਲੇਖਕ ਬਾਰੇ,ਕਿਤਾਬ ਦੇ ਮਹੱਤਵ ਬਾਰੇ,ਕਿਤਾਬ ਦੀ ਦੁਨੀਆ ਬਾਰੇ ਲੇਖਕ ਬਹੁਤ ਕੁਝ ਕਹਿ ਜਾਂਦਾ ਹੈ। 'ਮੈਂ ਕਿਉਂ ਪੜ੍ਹਦਾ ਹਾਂ?','ਤਾਲੀਮ ਅਤੇ ਤਰਬੀਅਤ','ਜ਼ਿੰਦਗੀ ਦੀ ਕਿਤਾਬ' ਆਦਿ ਨਿਬੰਧ ਲੇਖਕ ਦੀ ਪੜ੍ਹਨ ਲਿਖਣ ਵਿੱਚ ਮਸਰੂਫ਼ੀਅਤ ਵਾਲੀ ਜ਼ਿੰਦਗੀ ਦੇ ਪ੍ਰਭਾਵ ਅਧੀਨ ਹੀ ਉਪਜਦੇ ਹਨ। ਡਾ.ਭੰਡਾਲ ਬੌਧਿਕ ਪੱਧਰ 'ਤੇ ਲਿਖਦਾ ਹੈ ਅਤੇ ਉਸਦੇ ਨਿਬੰਧ ਪਾਠਕ ਨੂੰ ਸੁਹਜ ਸੁਆਦ ਪ੍ਰਦਾਨ ਕਰਦੇ ਹਨ।

ਪਿਆਰ ਦੇ ਫਲਸਫੇ ਨੂੰ,ਜ਼ਿੰਦਗੀ ਦੇ ਫਲਸਫੇ ਨੂੰ ਲੇਖਕ ਬੜੀਆਂ ਰੀਝਾਂ ਨਾਲ ਪੇਸ਼ ਕਰਦਾ ਹੈ। ਗਿਆਨ ਤੇ ਜਾਣਕਾਰੀ ਨਾਲ ਭਰਪੂਰ ਨਿਬੰਧਾਂ ਦੀ ਰਚਨਾਕਾਰੀ ਕਰਦਿਆਂ ਉਹ ਗਿਆਨ ਨੂੰ ਨਿਬੰਧ ਉਪਰ ਬੋਝਲ ਨਹੀਂ ਹੋਣ ਦਿੰਦਾ,ਸਗੋਂ ਸਹਿਜਤਾ ਤੇ ਰੌਚਿਕਤਾ ਬਣਾਈ ਰੱਖਦਾ ਹੈ।

ਡਾ.ਭੰਡਾਲ ਨਿਬੰਧਾਂ ਵਿੱਚ ਪੇਸ਼ ਕੀਤੇ ਜਾਣ ਵਾਲੇ ਵਿਚਾਰਾਂ ਨੂੰ ਨੀਝ ਤੇ ਜੁਗਤ ਨਾਲ ਗੁੰਦਦਾ ਤੇ ਉਸਾਰਦਾ ਹੈ। ਇਹ ਉਸਦੀ ਵਾਰਤਕ ਕਲਾ ਦਾ ਕਮਾਲ ਬਣ ਜਾਂਦਾ ਹੈ ਕਿ ਉਸਦੇ ਵਿਚਾਰਾਂ ਵਿੱਚ ਰਚਨਾਤਮਿਕ ਸੰਗਠਨ ਬਣਿਆ ਰਹਿੰਦਾ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਤੇ ਉਨ੍ਹਾਂ ਨੂੰ ਬਲ ਪ੍ਰਦਾਨ ਕਰਨ ਲਈ ਕਈ ਨਿਬੰਧਾਂ ਵਿੱਚ ਉਹ ਬਹੁਤ ਢੁੱਕਵੀਆਂ ਕਵਿਤਾਵਾਂ ਜੜਦਾ ਹੈ,ਜਿਨ੍ਹਾਂ ਨਾਲ ਨਿਬੰਧਾਂ ਦੀ ਰੌਚਿਕਤਾ ਵਿੱਚ ਵਾਧਾ ਵੀ ਹੁੰਦਾ ਹੈ ਤੇ ਉਨ੍ਹਾਂ ਦਾ ਸਾਹਿਤਕ ਮੁੱਲ ਵੀ ਵਧਦਾ ਹੈ। ਡਾ.ਭੰਡਾਲ ਵਿਚਾਰਾਂ,ਦਲੀਲਾਂ,ਤੱਥਾਂ,ਗਿਆਨ ਅਤੇ ਵਿਗਿਆਨ ਦੇ ਆਧਾਰ 'ਤੇ ਆਪਣੇ ਨਿਬੰਧਾਂ ਦੇ ਵਿਸ਼ੇ ਦੀ ਉਸਾਰੀ ਕਰਦਾ ਹੈ। ਵਿਸ਼ੇ ਅਨੁਸਾਰ ਢੁੱਕਵੇਂ,ਪ੍ਰਭਾਵਸ਼ਾਲੀ ਅਤੇ ਅਰਥ ਭਰਪੂਰ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਨਿਬੰਧਾਂ ਵਿੱਚ ਪੇਸ਼ ਵਿਚਾਰਾਂ ਦੀ ਵਿਉਂਤਬੱਧ ਉਸਾਰੀ ਕਰਨ ਵਿੱਚ ਉਹ ਵਿਸ਼ੇਸ਼ ਮੁਹਾਰਤ ਰੱਖਦਾ ਹੈ। ਉਹ ਵਿਚਾਰਾਂ ਨੂੰ ਕਲਾਤਮਿਕ ਰੂਪ ਰਾਹੀਂ ਪ੍ਰਸਤੁਤ ਕਰਨ ਵਿੱਚ ਮਾਹਿਰ ਹੈ। ਕਿਸੇ ਗੰਭੀਰ ਵਿਸ਼ੇ 'ਤੇ ਸੰਵਾਦ ਰਚਾਉਣ ਮੌਕੇ ਲੇਖਕ ਲੋੜ ਅਨੁਸਾਰ ਭਾਵੁਕਤਾ ਪੈਦਾ ਕਰ ਲੈਂਦਾ ਹੈ। ਅਜਿਹੇ ਮੌਕਿਆਂ 'ਤੇ ਵੀ ਲੇਖਕ ਉਤਸੁਕਤਾ ਬਣਾਈ ਰੱਖਦਾ ਹੈ।

ਲੋੜ ਅਨੁਸਾਰ ਲੇਖਕ ਸ਼ਬਦ ਚਿੱਤਰਾਂ ਦੀ ਖੂਬਸੂਰਤ ਉਸਾਰੀ ਕਰ ਲੈਂਦਾ ਹੈ। ਵਿਚਾਰਾਂ ਦੀ ਪੇਸ਼ਕਾਰੀ ਵਿੱਚ ਗਲਪ ਤੱਤ ਪੈਦਾ ਕਰ ਲੈਂਦਾ ਹੈ। ਇੰਜ ਕਿਧਰੇ ਕਿਧਰੇ ਨਿਬੰਧ ਵਿੱਚ ਬਿਰਤਾਂਤਕਤਾ ਦੇ ਅੰਸ਼ਾਂ ਦਾ ਸਮਾਵੇਸ਼ ਹੋ ਜਾਂਦਾ ਹੈ,ਜੋ ਬਿਲਕੁਲ ਸੁਭਾਵਿਕ ਹੈ। ਲੇਖਕ ਸਹਿਜ,ਸਰਲ,ਪ੍ਰਭਾਵਸ਼ਾਲੀ,ਠੁੱਕਦਾਰ ਤੇ ਮੁਹਾਵਰੇਦਾਰ ਪੰਜਾਬੀ ਰਾਹੀਂ ਆਪਣੇ ਵਿਚਾਰ ਪ੍ਰਸਤੁਤ ਕਰਦਾ ਹੈ।

ਡਾ.ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਸ਼ੈਲੀ ਉਪਰ ਉਸਦੇ ਵਿਅਕਤਿਤਵ ਦਾ ਅਤੇ ਉਸਦੀ ਕਾਵਿ ਭਾਸ਼ਾ ਦਾ ਬਹੁਤ ਡੂੰਘਾ ਪ੍ਰਭਾਵ ਹੈ। ਉਸਦੀ ਹਰੇਕ ਰਚਨਾ ਵਿੱਚੋਂ ਉਸਦੇ ਵਿਅਕਤਿਤਵ ਦੀ ਲੌਂਗੀ ਛਾਪ ਪ੍ਰਤੱਖ ਵੇਖੀ ਜਾ ਸਕਦੀ ਹੈ। ਉਸਦੀ ਸ਼ੈਲੀ ਹੀ ਉਸਦੀਆਂ ਰਚਨਾਵਾਂ ਦੀ ਪਛਾਣ ਹੈ। ਉਸਦੀ ਵਾਰਤਕ ਕਾਵਿ ਅੰਸ਼ਾਂ ਨਾਲ ਭਰਪੂਰ ਹੈ। ਜਦੋਂ ਉਸਦੀ ਵਾਰਤਕ ਉਪਰ ਕਾਵਿ ਰੰਗ ਦੀ ਪੁੱਠ ਚੜ੍ਹਦੀ ਹੈ ਤਾਂ ਇਹ ਉਸਦੀ ਵਾਰਤਕ ਦਾ ਵਿਲੱਖਣ ਲੱਛਣ ਬਣ ਜਾਂਦਾ ਹੈ। ਉਸਦੇ ਨਿਬੰਧ ਪੜ੍ਹਦਿਆਂ ਕਈ ਵਾਰ ਕਵਿਤਾ ਪੜ੍ਹਨ ਵਰਗੇ ਸੁਹਜ ਦਾ ਅਹਿਸਾਸ ਹੋਣ ਲੱਗਦਾ ਹੈ। ਉਹ ਸਰਲ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਜੀਵਨ ਕੀਮਤਾਂ ਦੇ ਬੜੀ ਗਤੀਸ਼ੀਲਤਾ ਨਾਲ ਹੋ ਰਹੇ ਰੂਪਾਂਤਰਣ ਉਪਰ ਲੇਖਕ ਚਿੰਤਾ ਪ੍ਰਗਟ ਕਰਦਾ ਹੈ। ਡਾ.ਭੰਡਾਲ ਨੂੰ ਸਮਕਾਲ ਦੀਆਂ ਵਿਸ਼ਵ ਸਥਿਤੀਆਂ ਦਾ ਬੋਧ ਹੈ। ਆਪਣੀ ਰਚਨਾਕਾਰੀ ਵਿੱਚ ਉਹ ਜਿਨ੍ਹਾਂ ਮਾਨਵੀ ਸਰੋਕਾਰਾਂ ਅੱਕਾਸੀ ਕਰਦਾ ਹੈ,ਨਿਸਚੇ ਹੀ ਉਹ ਗੰਭੀਰ ਚਿੰਤਨ ਤੇ ਧਿਆਨ ਦੀ ਮੰਗ ਕਰਦੇ ਹਨ। ਡਾ.ਭੰਡਾਲ ਸਾਧਾਰਨ ਮਸਲਿਆਂ ਦੀ ਵੀ ਦੀਰਘ ਦ੍ਰਿਸ਼ਟੀ ਤੋਂ ਘੋਖ ਕਰਨ ਵਾਲੀ ਅੱਖ ਰੱਖਦਾ ਹੈ। ਉਸਦੀ ਕਹੀ ਸਰਲ ਤੇ ਸੰਜਮੀ ਗੱਲ ਪਾਠਕ ਨੂੰ ਆਸਾਨੀ ਨਾਲ ਸਮਝ ਆ ਜਾਂਦੀ ਹੈ ਤੇ ਪਾਠਕ ਦੇ ਮਨ 'ਤੇ ਗਹਿਰਾ ਪ੍ਰਭਾਵ ਪਾਉਣ ਵਿੱਚ ਸਫਲ ਹੁੰਦੀ ਹੈ। ਪੁਸਤਕ ਵਿਚਲੀ ਰਚਨਾਕਾਰੀ ਡਾ.ਗੁਰਬਖ਼ਸ਼ ਸਿੰਘ ਭੰਡਾਲ ਦੀ ਨਿਬੰਧਕਾਰੀ ਦਾ ਪ੍ਰਤੀਨਿਧ ਤੇ ਸ਼ੁਸ਼ਟ ਨਮੂਨਾ ਕਹੀ ਜਾ ਸਕਦੀ ਹੈ। ਮੈਂ ਇਸ ਪੁਸਤਕ ਦਾ ਭਰਪੂਰ ਸਵਾਗਤ ਕਰਦਾ ਹਾਂ ਅਤੇ ਖੁਸ਼ੀ ਦੇ ਇਸ ਮੌਕੇ 'ਤੇ ਇਨ੍ਹਾਂ ਯਾਦਗਾਰੀ ਪਲਾਂ ਨੂੰ ਆਪਣੀ ਇਕ ਪ੍ਰਾਪਤੀ ਸਮਝਣ ਦਾ ਮਾਣ ਹਾਸਲ ਕਰ ਰਿਹ

SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before



After













- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before



After



ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਘਰ ਵੀ, ਨੌਕਰੀ ਵੀ ਔਰਤ ਕਿਵੇਂ ਬਣਾਏ ਸੰਤੁਲਨ?

ਅੱਜ ਦੀ ਔਰਤ ਸਿੱਖਿਆ, ਵਿਗਿਆਨ, ਪ੍ਰਸ਼ਾਸਨ, ਵਪਾਰ, ਸਿਹਤ, ਖੇਡਾਂ ਅਤੇ ਹੋਰ ਹਰ ਖੇਤਰ ਵਿੱਚ ਆਪਣੀ ਯੋਗਤਾ ਦਾ ਸਬੂਤ ਦੇ ਰਹੀ ਹੈ। ਉਹ ਆਰਥਿਕ ਤੌਰ 'ਤੇ ਆਤਮਨਿਰਭਰ ਬਣ ਰਹੀ ਹੈ ਅਤੇ ਪਰਿਵਾਰ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਪਰ ਇਸ ਸਫਲਤਾ ਦੇ ਨਾਲ ਉਸ ਦੇ ਸਾਹਮਣੇ ਇੱਕ ਵੱਡੀ ਚੁਣੌਤੀ ਵੀ ਹੈ ਘਰ ਅਤੇ ਨੌਕਰੀ ਵਿਚਕਾਰ ਸੰਤੁਲਨ ਬਣਾਉਣਾ।

ਕੰਮਕਾਜੀ ਔਰਤ ਲਈ ਸਵੇਰ ਤੋਂ ਰਾਤ ਤੱਕ ਦਾ ਸਮਾਂ ਅਕਸਰ ਜ਼ਿੰਮੇਵਾਰੀਆਂ ਨਾਲ ਭਰਿਆ ਹੁੰਦਾ ਹੈ। ਘਰ ਦੇ ਕੰਮ, ਬੱਚਿਆਂ ਦੀ ਦੇਖਭਾਲ, ਬਜ਼ੁਰਗਾਂ ਦੀਆਂ ਲੋੜਾਂ, ਦਫ਼ਤਰੀ ਕੰਮ ਅਤੇ ਸਮਾਜਿਕ ਜ਼ਿੰਮੇਵਾਰੀਆਂ ਉਸ ਦੇ ਸਮੇਂ ਅਤੇ ਊਰਜਾ ਦੀ ਮੰਗ ਕਰਦੀਆਂ ਹਨ। ਕਈ ਵਾਰ ਉਹ ਆਪਣੀਆਂ ਇੱਛਾਵਾਂ, ਸਿਹਤ ਅਤੇ ਆਰਾਮ ਨੂੰ ਵੀ ਪਿੱਛੇ ਛੱਡ ਦਿੰਦੀ ਹੈ।

ਸਮੇਂ ਦਾ ਸਹੀ ਪ੍ਰਬੰਧਨ ਜ਼ਰੂਰੀ

ਘਰ ਅਤੇ ਨੌਕਰੀ ਵਿਚਕਾਰ ਤਾਲਮੇਲ ਬਣਾਉਣ ਲਈ ਸਮੇਂ ਦੀ ਯੋਜਨਾਬੰਦੀ ਬਹੁਤ ਜ਼ਰੂਰੀ ਹੈ। ਦਿਨ ਦੇ ਕੰਮਾਂ ਦੀ ਸੂਚੀ ਬਣਾਉਣੀ, ਮਹੱਤਵਪੂਰਨ ਕੰਮਾਂ ਨੂੰ ਪਹਿਲ ਦੇਣੀ ਅਤੇ ਬੇਲੋੜੇ ਕੰਮਾਂ ਤੋਂ ਬਚਣਾ ਲਾਭਦਾਇਕ ਹੋ ਸਕਦਾ ਹੈ। ਹਰ ਕੰਮ ਨੂੰ ਖੁਦ ਕਰਨ ਦੀ ਬਜਾਏ ਕੁਝ ਕੰਮਾਂ ਨੂੰ ਹੋਰ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ।

ਪਰਿਵਾਰ ਦਾ ਸਹਿਯੋਗ ਸਭ ਤੋਂ ਮਹੱਤਵਪੂਰਨ

ਘਰ ਦੀ ਜ਼ਿੰਮੇਵਾਰੀ ਸਿਰਫ਼ ਔਰਤ ਦੀ ਨਹੀਂ, ਸਗੋਂ ਪੂਰੇ ਪਰਿਵਾਰ ਦੀ ਸਾਂਝੀ ਜ਼ਿੰਮੇਵਾਰੀ ਹੈ। ਪਤੀ, ਬੱਚਿਆਂ ਅਤੇ ਹੋਰ ਮੈਂਬਰਾਂ ਨੂੰ ਘਰੇਲੂ ਕੰਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਜਦੋਂ ਪਰਿਵਾਰਕ ਮੈਂਬਰ ਇਕ-ਦੂਜੇ ਦਾ ਸਾਥ ਦਿੰਦੇ ਹਨ ਤਾਂ ਔਰਤ ਦਾ ਬੋਝ ਘਟਦਾ ਹੈ ਅਤੇ ਪਰਿਵਾਰਕ ਰਿਸ਼ਤੇ ਵੀ ਮਜ਼ਬੂਤ ਹੁੰਦੇ ਹਨ।

ਕੰਮ ਅਤੇ ਨਿੱਜੀ ਜੀਵਨ ਵਿਚਕਾਰ ਹੱਦ ਬਣਾਓ

ਦਫ਼ਤਰ ਦਾ ਕੰਮ ਘਰ ਲਿਆਉਣ ਅਤੇ ਹਰ ਸਮੇਂ ਮੋਬਾਈਲ ਜਾਂ ਈਮੇਲ ਨਾਲ ਜੁੜੇ ਰਹਿਣ ਦੀ ਆਦਤ ਤੋਂ ਬਚਣਾ ਚਾਹੀਦਾ ਹੈ। ਕੰਮ ਦੇ ਸਮੇਂ ਕੰਮ ਅਤੇ ਪਰਿਵਾਰ ਨਾਲ ਬਿਤਾਏ ਸਮੇਂ ਦੌਰਾਨ ਪਰਿਵਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਨਾਲ ਮਾਨਸਿਕ ਤਣਾਅ ਘਟਦਾ ਹੈ ਅਤੇ ਜੀਵਨ ਵਿੱਚ ਸੰਤੁਸ਼ਟੀ ਵਧਦੀ ਹੈ।

ਆਪਣੀ ਸਿਹਤ ਨੂੰ ਨਜ਼ਰਅੰਦਾਜ਼ ਨਾ ਕਰੋ

ਕਈ ਕੰਮਕਾਜੀ ਔਰਤਾਂ ਪਰਿਵਾਰ ਅਤੇ ਨੌਕਰੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੀ ਸਿਹਤ ਵੱਲ ਧਿਆਨ ਨਹੀਂ ਦੇ ਸਕਦੀਆਂ। ਸੰਤੁਲਿਤ ਖੁਰਾਕ, ਪੂਰੀ ਨੀਂਦ, ਨਿਯਮਿਤ ਕਸਰਤ ਅਤੇ ਮਨੋਰੰਜਨ ਲਈ ਸਮਾਂ ਕੱਢਣਾ ਜ਼ਰੂਰੀ ਹੈ। ਆਪਣੀ ਸਿਹਤ ਦਾ ਧਿਆਨ ਰੱਖਣਾ ਸਵਾਰਥ ਨਹੀਂ, ਸਗੋਂ ਬਿਹਤਰ ਜੀਵਨ ਦੀ ਲੋੜ ਹੈ।

ਕਾਰਜ ਸਥਾਨ 'ਤੇ ਵੀ ਸਹਿਯੋਗ ਮਿਲੇ

ਸੰਸਥਾਵਾਂ ਅਤੇ ਸਰਕਾਰ ਨੂੰ ਵੀ ਕੰਮਕਾਜੀ ਔਰਤਾਂ ਦੀਆਂ ਲੋੜਾਂ ਨੂੰ ਸਮਝਣਾ ਚਾਹੀਦਾ ਹੈ। ਲਚਕਦਾਰ ਕੰਮ ਦੇ ਘੰਟੇ, ਮਾਤਾ-ਪਿਤਾ ਲਈ ਛੁੱਟੀਆਂ, ਸੁਰੱਖਿਅਤ ਕਾਰਜ ਸਥਾਨ, ਬੱਚਿਆਂ ਦੀ ਦੇਖਭਾਲ ਲਈ ਸਹੂਲਤਾਂ ਅਤੇ ਸਮਾਨ ਮੌਕੇ ਔਰਤਾਂ ਨੂੰ ਆਪਣਾ ਕਰੀਅਰ ਅੱਗੇ ਵਧਾਉਣ ਵਿੱਚ ਮਦਦ ਕਰ ਸਕਦੇ ਹਨ।

ਸੰਪੂਰਨਤਾ ਨਹੀਂ, ਸੰਤੁਲਨ ਜ਼ਰੂਰੀ

ਔਰਤ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਰੋਜ਼ ਹਰ ਕੰਮ ਪੂਰੀ ਤਰ੍ਹਾਂ ਕਰਨਾ ਸੰਭਵ ਨਹੀਂ ਹੁੰਦਾ। ਕਈ ਵਾਰ ਕੁਝ ਕੰਮ ਅਗਲੇ ਦਿਨ ਲਈ ਛੱਡਣੇ ਵੀ ਠੀਕ ਹਨ। ਆਪਣੇ ਆਪ ਤੋਂ ਅਸੰਭਵ ਉਮੀਦਾਂ ਰੱਖਣ ਦੀ ਬਜਾਏ ਆਪਣੀਆਂ ਸਮਰੱਥਾਵਾਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

ਅਸਲ ਵਿੱਚ ਘਰ ਅਤੇ ਨੌਕਰੀ ਵਿਚਕਾਰ ਸੰਤੁਲਨ ਬਣਾਉਣਾ ਸਿਰਫ਼ ਔਰਤ ਦੀ ਨਿੱਜੀ ਜ਼ਿੰਮੇਵਾਰੀ ਨਹੀਂ ਹੈ। ਇਸ ਲਈ ਪਰਿਵਾਰ, ਸਮਾਜ, ਕਾਰਜ ਸਥਾਨ ਅਤੇ ਸਰਕਾਰ ਸਭ ਦਾ ਸਹਿਯੋਗ ਲੋੜੀਂਦਾ ਹੈ। ਔਰਤ ਨੂੰ ਸਿਰਫ਼ ਹਰ ਜ਼ਿੰਮੇਵਾਰੀ ਨਿਭਾਉਣ ਵਾਲੀ ਮਸ਼ੀਨ ਸਮਝਣ ਦੀ ਬਜਾਏ ਉਸ ਦੀਆਂ ਭਾਵਨਾਵਾਂ, ਸੁਪਨਿਆਂ ਅਤੇ ਇੱਛਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਇੱਕ ਸਿਹਤਮੰਦ ਸਮਾਜ ਉਹੀ ਹੋ ਸਕਦਾ ਹੈ ਜਿੱਥੇ ਔਰਤ ਨੂੰ ਘਰ ਅਤੇ ਕਰੀਅਰ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਮਜਬੂਰ ਨਾ ਹੋਣਾ ਪਵੇ, ਸਗੋਂ ਉਸ ਨੂੰ ਦੋਵਾਂ ਖੇਤਰਾਂ ਵਿੱਚ ਅੱਗੇ ਵਧਣ ਲਈ ਬਰਾਬਰ ਮੌਕੇ ਅਤੇ ਸਹਿਯੋਗ ਮਿਲੇ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਸਾਡੀ ਨੌਜਵਾਨੀ ਅਤੇ ਦੇਸ਼ ਲਈ ਅਦਿੱਖ ਖ਼ਤਰਾ

ਜਦੋਂ ਨੌਜਵਾਨੀ ਦੀ ਸੋਚ ਨੂੰ ਹਥਿਆਰ ਬਣਾ ਕੇ ਦੇਸ਼ ਦੀਆਂ ਜੜ੍ਹਾਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਹ ਸਿਰਫ਼ ਸੋਸ਼ਲ ਮੀਡੀਆ ਦੀ ਦੁਰਵਰਤੋਂ ਨਹੀਂ, ਸਗੋਂ ਕੌਮੀ ਸੁਰੱਖਿਆ ਲਈ ਗੰਭੀਰ ਚੁਣੌਤੀ ਬਣ ਜਾਂਦੀ ਹੈ। ਹਾਲ ਹੀ ਵਿੱਚ ਰਾਜਸਥਾਨ ਰੇਲਵੇ ਪਟੜੀ ਤੇ ਹੋਣ ਵਾਲੇ ਬੰਬ ਬਲਾਸਟ ਵਾਲ਼ੀ ਘਟਨਾ ਨੇ ਇਹ ਸਾਬਤ ਕਰ ਦਿੱਤਾ ਹੈ । ਇਸ ਬਲਾਸਟ ਦੇ ਦੋਸ਼ੀ ਦੋ ਨੌਜਵਾਨ ਲੜਕੇ ਅਤੇ ਲੜਕੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਪਤਾ ਲੱਗਿਆ ਹੈ ਕਿ ਉਨ੍ਹਾਂ ਦਾ ਰਾਬਤਾ ਸੋਸ਼ਲ ਮੀਡੀਆ ਰਾਹੀਂ ਸਾਡੇ ਗੁਆਂਢੀ ਮੁਲਕ ਦੇ ਅੱਤਵਾਦੀਆਂ ਨਾਲ਼ ਸੀ ਜਿਨ੍ਹਾਂ ਨੇ ਇਨ੍ਹਾਂ ਨੂੰ ਪੈਸੇ ਦਾ ਲਾਲਚ ਦੇ ਕੇ ਇਹ ਸਭ ਕੁਝ ਕਰਵਾਇਆ । ਇਹ ਇਕੱਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹੀ ਰਹਿੰਦੀਆਂ ਹਨ ਚਾਹੇ ਉਹ ਅਪਰੇਸ਼ਨ ਸੰਧੂਰ ਵੇਲੇ ਵੀ ਕੁਝ ਨੌਜਵਾਨ ਇਸੇ ਤਰ੍ਹਾਂ ਦੀਆਂ ਸ਼ੱਕੀ ਗਤੀਵਿਧੀਆਂ ਅਧੀਨ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ।

ਅੱਜ ਦਾ ਯੁੱਗ ਟੈਕਨਾਲੋਜੀ ਦਾ ਯੁੱਗ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੋਸ਼ਲ ਮੀਡੀਆ ਨੇ ਸਾਰੀ ਦੁਨੀਆਂ ਨੂੰ ਮੋਬਾਈਲ ਦੀ ਸਕਰੀਨ ਵਿੱਚ ਸਮੇਟ ਕੇ ਰੱਖ ਦਿੱਤਾ ਹੈ। ਕੁਝ ਸਕਿੰਟਾਂ ਵਿੱਚ ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਦੀ ਖ਼ਬਰ ਜਾਣ ਸਕਦੇ ਹਾਂ, ਆਪਣੇ ਵਿਚਾਰ ਸਾਂਝੇ ਕਰ ਸਕਦੇ ਹਾਂ ਅਤੇ ਗਿਆਨ ਦੇ ਨਵੇਂ ਦਰਵਾਜ਼ੇ ਖੋਲ੍ਹ ਸਕਦੇ ਹਾਂ। ਪਰ ਇਸ ਸਹੂਲਤ ਦਾ ਇੱਕ ਹਨੇਰਾ ਪੱਖ ਇਹ ਵੀ ਹੈ, ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਇਹੀ ਸੋਸ਼ਲ ਮੀਡੀਆ ਨੌਜਵਾਨਾਂ ਨੂੰ ਗੁੰਮਰਾਹ ਕਰਨ, ਉਨ੍ਹਾਂ ਦੀ ਸੋਚ ਨੂੰ ਪ੍ਰਭਾਵਿਤ ਕਰਨ, ਦੇਸ਼ ਵਿਰੋਧੀ ਸਰਗਰਮੀਆਂ ਵੱਲ ਧੱਕਣ ਅਤੇ ਵਿਦੇਸ਼ੀ ਤਾਕਤਾਂ ਦੇ ਮਨਸੂਬਿਆਂ ਨੂੰ ਸਫ਼ਲ ਬਣਾਉਣ ਦਾ ਸਾਧਨ ਬਣ ਜਾਵੇ ਤਾਂ ਸਾਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅੱਜ ਸਾਡੇ ਦੇਸ਼ ਦੀ ਨੌਜਵਾਨੀ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਚੁਣੌਤੀ ਡਿਜੀਟਲ ਮਾਧਿਅਮਾਂ ਰਾਹੀਂ ਹੋਣ ਵਾਲੀ ਵਿਚਾਰਧਾਰਕ ਅਤੇ ਮਨੋਵਿਗਿਆਨਕ ਘੁਸਪੈਠ ਹੈ। ਵਿਦੇਸ਼ੀ ਤਾਕਤਾਂ ਹਮੇਸ਼ਾ ਸਰਹੱਦਾਂ ਉੱਤੇ ਹੀ ਹਮਲਾ ਨਹੀਂ ਕਰਦੀਆਂ। ਕਈ ਵਾਰ ਉਹ ਕਿਸੇ ਦੇਸ਼ ਦੀ ਨੌਜਵਾਨ ਪੀੜ੍ਹੀ ਦੀ ਸੋਚ, ਆਪਸੀ ਭਾਈਚਾਰੇ ਅਤੇ ਸੰਸਥਾਵਾਂ ਉੱਤੇ ਭਰੋਸੇ ਨੂੰ ਵੀ ਨਿਸ਼ਾਨਾ ਬਣਾਉਂਦੀਆਂ ਹਨ। ਇਸ ਮਕਸਦ ਲਈ ਸੋਸ਼ਲ ਮੀਡੀਆ ਦੇ ਕੁਝ ਖਾਤਿਆਂ, ਝੂਠੀਆਂ ਖ਼ਬਰਾਂ, ਭੜਕਾਊ ਵੀਡੀਓਜ਼ ਅਤੇ ਗੁੰਮਰਾਹਕੁੰਨ ਪ੍ਰਚਾਰ ਦੀ ਵਰਤੋਂ ਕੀਤੀ ਜਾਂਦੀ ਹੈ। ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਅਜਿਹੇ ਰਾਹ ਪਾ ਦਿੱਤਾ ਜਾਂਦਾ ਹੈ, ਜਿੱਥੇ ਉਹ ਆਪਣੇ ਹੀ ਦੇਸ਼ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਲੱਗ ਪੈਂਦੇ ਹਨ।ਸਭ ਤੋਂ ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਨੌਜਵਾਨਾਂ ਨੂੰ ਦੇਸ਼ ਦੀਆਂ ਕਮਜ਼ੋਰੀਆਂ ਦਾ ਹਵਾਲਾ ਦੇ ਕੇ, ਉਨ੍ਹਾਂ ਦੇ ਮਨਾਂ ਵਿੱਚ ਨਫ਼ਰਤ ਅਤੇ ਨਿਰਾਸ਼ਾ ਭਰ ਕੇ ਆਪਣੇ ਮਕਸਦ ਲਈ ਵਰਤਿਆ ਜਾ ਰਿਹਾ ਹੈ। ਕਈ ਵਾਰ ਕਿਸੇ ਨੌਜਵਾਨ ਨੂੰ ਪੈਸਿਆਂ ਦਾ ਲਾਲਚ ਦਿੱਤਾ ਜਾਂਦਾ ਹੈ, ਕਈ ਵਾਰ ਵਿਦੇਸ਼ ਵਿੱਚ ਵਸਾਉਣ ਦੇ ਸੁਪਨੇ ਦਿਖਾਏ ਜਾਂਦੇ ਹਨ ਅਤੇ ਕਈ ਵਾਰ ਉਸ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਸ ਨੂੰ ਆਪਣੇ ਹੀ ਦੇਸ਼ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਸ਼ੁਰੂਆਤ ਇੱਕ ਆਮ ਜਿਹੀ ਸੋਸ਼ਲ ਮੀਡੀਆ ਰਾਹੀਂ ਦੋਸਤੀ ਤੋਂ ਹੀ ਹੁੰਦੀ ਹੈ, ਪਰ ਹੌਲੀ – ਹੌਲੀ ਇਹ ਦੋਸਤੀ ਕਿਸੇ ਅਜਿਹੇ ਜਾਲ਼ ਵਿੱਚ ਬਦਲ ਜਾਂਦੀ ਹੈ, ਜਿਸ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ।

ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰੀ ਏਜੰਸੀਆਂ ਦੀ ਜ਼ਿੰਮੇਵਾਰੀ ਨਹੀਂ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸੋਸ਼ਲ ਮੀਡੀਆ ਦੀ ਦੁਨੀਆਂ ਬਾਰੇ ਵੀ ਜਾਣਕਾਰੀ ਰੱਖਣੀ ਚਾਹੀਦੀ ਹੈ। ਮਾਪਿਆਂ ਨੂੰ ਸੋਸ਼ਲ ਮੀਡੀਆ ਦੇ ਦੋਸਤਾਂ ਦਾ ਦਾਇਰਾ ਪਤਾ ਹੋਣਾ ਚਾਹੀਦਾ ਹੈ। ਮਾਪਿਆਂ ਵੱਲੋਂ ਆਪਣੇ ਬੱਚਿਆਂ ਨਾਲ਼ ਦੋਸਤਾਨਾ ਰਵੱਈਆ ਅਪਣਾ ਪਿਆਰ ਦੇ ਮਾਹੌਲ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਬੱਚੇ ਆਪਣੀ ਕਿਸੇ ਵੀ ਮੁਸ਼ਕਲ ਜਾਂ ਸ਼ੱਕੀ ਆਨਲਾਈਨ ਸੰਪਰਕ ਬਾਰੇ ਬਿਨਾਂ ਡਰ ਦੇ ਦੱਸ ਸਕਣ। ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਵਿੱਚ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰਨ ਅਤੇ ਦੇਸ਼ ਦੇ ਸੰਵਿਧਾਨਕ ਮੁੱਲਾਂ ਪ੍ਰਤੀ ਸਤਿਕਾਰ ਪੈਦਾ ਕਰਨ ਬਾਰੇ ਸਮੇਂ ਸਮੇਂ ਤੇ ਸਮਝਾਉਂਦੇ ਰਹਿਣਾ ਚਾਹੀਦਾ ਹੈ। ਨੌਜਵਾਨਾਂ ਨੂੰ ਇਹ ਸਿੱਖਿਆ ਦੇਣੀ ਜ਼ਰੂਰੀ ਹੈ ਕਿ ਕਿਸੇ ਅਣਜਾਣ ਵਿਅਕਤੀ ਦੇ ਲਾਲਚ ਵਿੱਚ ਆ ਕੇ ਆਪਣੀ ਨਿੱਜੀ ਜਾਣਕਾਰੀ, ਤਸਵੀਰਾਂ, ਦਸਤਾਵੇਜ਼ ਜਾਂ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਨਾ ਕਰਨ। ਬੱਚਿਆਂ ਵਿੱਚ ਆਪਣੇ ਲਈ ਐਨਾ ਵਿਸ਼ਵਾਸ ਪੈਦਾ ਕਰੋ ਕਿ ਉਹ ਆਪਣੀ ਛੋਟੀ ਜਿਹੀ ਗ਼ਲਤੀ ਸਾਂਝੀ ਕਰ ਕੇ ਕਿਸੇ ਵੱਡੀ ਮੁਸ਼ਕਲ ਵਿੱਚ ਪੈਣ ਤੋਂ ਬਚ ਸਕਣ। ਨੌਜਵਾਨੀ ਹਰ ਦੇਸ਼ ਦਾ ਭਵਿੱਖ ਹੁੰਦਾ ਹੈ। ਕਿਸੇ ਵੀ ਦੇਸ਼ ਨੂੰ ਕਮਜ਼ੋਰ ਕਰਨ ਲਈ ਉਸ ਦੀਆਂ ਸਰਹੱਦਾਂ ਉੱਤੇ ਹਮਲਾ ਕਰਨ ਨਾਲੋਂ ਉਸ ਦੀ ਨੌਜਵਾਨ ਪੀੜ੍ਹੀ ਦੀ ਸੋਚ ਨੂੰ ਕਮਜ਼ੋਰ ਕਰਨਾ ਵਧੇਰੇ ਖ਼ਤਰਨਾਕ ਸਾਬਤ ਹੁੰਦਾ ਹੈ। ਸਰਹੱਦੋਂ ਪਾਰ ਤੋਂ ਡ੍ਰੋਨਾਂ ਰਾਹੀਂ ਨਸ਼ਾ ਭੇਜਣਾ ਵੀ ਸਰਹੱਦੀ ਨੌਜਵਾਨਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਦੀ ਦੁਸ਼ਮਣ ਦੀ ਇੱਕ ਚਾਲ ਹੀ ਹੈ। ਜਿਸ ਦੇਸ਼ ਦੇ ਨੌਜਵਾਨ ਆਪਣੇ ਇਤਿਹਾਸ, ਸੱਭਿਆਚਾਰ, ਵਿਰਸੇ ਅਤੇ ਕੌਮੀ ਜ਼ਿੰਮੇਵਾਰੀਆਂ ਤੋਂ ਟੁੱਟ ਜਾਣ, ਉਸ ਦੇਸ਼ ਦੀ ਤਰੱਕੀ ਦਾ ਰਾਹ ਆਪਣੇ ਆਪ ਹੀ ਔਖਾ ਹੋ ਜਾਂਦਾ ਹੈ। ਸਾਨੂੰ ਆਪਣੇ ਨੌਜਵਾਨਾਂ ਨੂੰ ਸਿਰਫ਼ ਡਿਗਰੀਆਂ ਅਤੇ ਰੁਜ਼ਗਾਰ ਦੇਣ ਦੀ ਹੀ ਨਹੀਂ, ਸਗੋਂ ਸਹੀ ਤੇ ਗ਼ਲਤ ਦੀ ਪਛਾਣ ਕਰਨ ਦੀ ਸੂਝ ਦੇਣ ਦੀ ਵੀ ਲੋੜ ਹੈ। ਬੱਚਿਆਂ ਨੂੰ ਮੋਬਾਈਲ ਦਿੰਦੇ ਸਮੇਂ ਇਹ ਜ਼ਰੂਰ ਸਮਝਾਇਆ ਜਾਵੇ ਕਿ ਸੋਸ਼ਲ ਮੀਡੀਆ ਦੀ ਵਰਤੋਂ ਕਰੋ, ਪਰ ਇਸ ਦੇ ਗ਼ੁਲਾਮ ਨਾ ਬਣੋ। ਆਪਣੇ ਹੱਕਾਂ ਲਈ ਲੜੋ, ਪਰ ਕਿਸੇ ਵਿਦੇਸ਼ੀ ਤਾਕਤ ਦੇ ਮਨਸੂਬਿਆਂ ਦਾ ਹਿੱਸਾ ਨਾ ਬਣੋ। ਬੱਚਿਆਂ ਨੂੰ ਦੱਸਿਆ ਜਾਵੇ ਕਿ ਕਿਵੇਂ ਵਿਦੇਸ਼ਾਂ ਵਿੱਚ ਬੈਠੇ ਲੋਕ ਨੌਜਵਾਨੀ ਨੂੰ ਗੁੰਮਰਾਹ ਕਰ ਸਕਦੇ ਹਨ। ਇਸ ਲਈ ਬੱਚਿਆਂ ਨੂੰ ਸੋਸ਼ਲ ਮੀਡੀਆ ਰਾਹੀਂ ਵਿਦੇਸ਼ੀ ਲੋਕਾਂ ਨਾਲ਼ ਦੋਸਤੀ ਕਰਨ ਤੋਂ ਵਰਜਿਤ ਕੀਤਾ ਜਾਵੇ ਤਾਂ ਜੋ ਉਹ ਇਹੋ ਜਿਹੀ ਇੱਕ ਗ਼ਲਤੀ ਕਾਰਨ ਆਪਣੀ ਸਾਰੀ ਜ਼ਿੰਦਗੀ ਤਬਾਹ ਕਰਨ ਤੋਂ ਬਚ ਸਕਣ।

ਦੇਸ਼ ਦੀ ਰੱਖਿਆ ਸਿਰਫ਼ ਸਰਹੱਦਾਂ ਉੱਤੇ ਖੜ੍ਹੇ ਸੈਨਿਕਾਂ ਦੀ ਜ਼ਿੰਮੇਵਾਰੀ ਨਹੀਂ, ਸਗੋਂ ਦੇਸ਼ ਦੇ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਸੈਨਿਕ ਸਰਹੱਦਾਂ ਦੀ ਰਾਖੀ ਕਰਦੇ ਹਨ ਅਤੇ ਨੌਜਵਾਨਾਂ ਨੇ ਦੇਸ਼ ਦੀ ਸੋਚ, ਏਕਤਾ ਅਤੇ ਭਵਿੱਖ ਦੀ ਰਾਖੀ ਕਰਨੀ ਹੈ। ਜਿਸ ਦੇਸ਼ ਦੀ ਨੌਜਵਾਨੀ ਜਾਗਦੀ ਹੋਵੇ, ਉਸ ਦੇਸ਼ ਨੂੰ ਅੰਦਰੋਂ ਤੋੜਨਾ ਸੌਖਾ ਨਹੀਂ ਹੁੰਦਾ। ਅੱਜ ਕੱਲ੍ਹ ਦੇ ਮਾਪਿਆਂ ਨੂੰ ਇਸ ਮਸਲੇ ਨੂੰ ਬਹੁਤ ਗੰਭੀਰਤਾ ਨਾਲ਼ ਸੋਚਣਾ ਪਵੇਗਾ ਤੇ ਆਪਣੇ ਬੱਚਿਆਂ ਦੀ ਸੋਸ਼ਲ ਮੀਡੀਆ ਵਰਤੋਂ ਨੂੰ ਇੱਕ ਦਾਇਰੇ ਵਿੱਚ ਰਹਿ ਕੇ ਵਰਤਣ ਦੀ ਇਜਾਜ਼ਤ ਦਿੱਤੀ ਜਾਵੇ। ਸਾਰਿਆਂ ਨੂੰ ਸਾਂਝੇ ਤੌਰ ਤੇ ਇਸ ਖ਼ਤਰੇ ਤੋਂ ਸੁਚੇਤ ਹੋ ਕੇ ਰਹਿਣ ਦੀ ਲੋੜ ਹੈ।



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ
ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ
ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ,
ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ
ਅੱਗੇ ਵਧੋ!

QR ਸਕੈਨ ਕਰੋ
ਤੇ Traki
ਡਾਊਨਲੋਡ ਕਰੋ
ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ,
ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ
ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ
ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ
ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਜਿਸਮ ਦੀ ਤਲਾਸ਼

ਘਰ ਦੀ ਚਾਰਦੀਵਾਰੀ ਅੰਦਰ,
ਜਿੱਥੇ ਮਾਂ-ਧੀ ਦਾ ਪਿਆਰ ਹੋਣਾ ਸੀ,
ਉੱਥੇ ਅਕਸਰ ਡਰ ਪਲਦਾ ਹੈ।
ਕੰਧਾਂ ਨੇ ਬਹੁਤ ਕੁਝ ਲੁਕਾਇਆ ਹੈ,
ਚੁੱਪ ਰਹਿਣ ਦੀ ਸਿੱਖਿਆ,
ਤੇ ਅਧਿਕਾਰਾਂ ਦਾ ਘੁਟਿਆ ਸਾਹ।

ਸੜਕਾਂ ਤੇ ਰੌਣਕਾਂ ਦੇ ਵਿੱਚ,
ਇੱਕ ਡਰਿਆ ਹੋਇਆ ਕਦਮ ਹੈ,
ਜਿੱਥੇ ਨਿਗਾਹਾਂ ਦਾ ਪਿੱਛਾ,
ਤੇ ਜਿਸਮ ਦੀ ਤਲਾਸ਼,
ਔਰਤ ਦੇ ਹੱਕ ਨੂੰ ਕੁਚਲਦੀ ਹੈ।
ਸੁਰੱਖਿਆ ਦੇ ਨਾਂ ਤੇ,
ਉਸਦੇ ਰਾਹਾਂ ਨੂੰ ਬੰਦ ਕਰਨਾ,
ਉਸਦੀ ਆਜ਼ਾਦੀ ਨੂੰ ਕੈਦ ਕਰਨਾ ਹੈ।

ਹੁਣ ਤਾਂ ਹਵਾਵਾਂ ਵੀ ਡਿਜੀਟਲ ਹੋਈਆਂ,
ਪਰ ਉੱਥੇ ਵੀ ਮਾਨਸਿਕ ਹਿੰਸਾ ਦਾ,
ਇੱਕ ਨਵਾਂ ਮੈਦਾਨ ਬਣਿਆ ਹੈ।
ਕੀਬੋਰਡ ਤੋਂ ਨਿਕਲੀਆਂ ਗਾਲ੍ਹਾਂ,
ਤਸਵੀਰਾਂ ਦਾ ਗਲਤ ਇਸਤੇਮਾਲ,
ਤੇ ਅਗਿਆਤ ਧਮਕੀਆਂ,
ਉਸਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਰਾਜਨੀਤੀ ਹੋਵੇ ਜਾਂ ਫੌਜ,
ਉੱਚੇ ਅਹੁਦਿਆਂ ਤੇ ਬੈਠੀ ਨਾਰ,
ਇੱਕ ਉਮੀਦ ਤਾਂ ਜਗਾਉਂਦੀ ਹੈ,
ਪਰ ਕੀ ਉਹ ਗਰੀਬ ਧੀ,
ਜੋ ਖੇਤਾਂ ਵਿੱਚ ਜਾਂ ਘਰਾਂ ਵਿੱਚ,
ਆਪਣੇ ਹੱਕ ਲਈ ਤਰਸਦੀ ਹੈ,
ਉਸ ਤੱਕ ਇਹ ਰੌਸ਼ਨੀ ਪਹੁੰਚੀ ਹੈ?

ਗੁਰੂ ਨਾਨਕ ਦੇ ਬੋਲ ਅੱਜ ਵੀ ਗੂੰਜਦੇ,
'ਸੋ ਕਿਉ ਮੰਦਾ ਆਖੀਐ',
ਪਰ ਸਮਾਜ ਦੀ ਸੋਚ ਅੱਜ ਵੀ,
ਕਾਨੂੰਨ ਦੇ ਕਾਗਜ਼ਾਂ ਨਾਲੋਂ,
ਕਈ ਪਿੱਛੇ ਖੜ੍ਹੀ ਹੈ।

ਜਦੋਂ ਤੱਕ ਔਰਤ ਦੀ ਸਹਿਮਤੀ,
ਉਸਦਾ ਆਪਣਾ ਹੱਕ ਨਹੀਂ ਬਣਦੀ,
ਜਦੋਂ ਤੱਕ ਆਰਥਿਕ ਆਜ਼ਾਦੀ,
ਸਿਰਫ ਇੱਕ ਸੁਪਨਾ ਹੈ,
ਤਦ ਤੱਕ ਹਰ ਕਾਨੂੰਨ ਅਧੂਰਾ ਹੈ।
ਬਦਲਾਅ ਸਿਰਫ ਕਾਨੂੰਨ ਨਾਲ ਨਹੀਂ,
ਸਾਡੀ ਨਜ਼ਰ ਤੇ ਨੀਅਤ ਦੇ ਸੁਧਾਰ ਨਾਲ ਆਵੇਗਾ,
ਜਿੱਥੇ ਔਰਤ ਨੂੰ ਸਿਰਫ ਸਤਿਕਾਰ ਨਹੀਂ,
ਬਰਾਬਰ ਦਾ ਇਨਸਾਨ ਮੰਨਿਆ ਜਾਵੇਗਾ।

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397



ਕਿੰਝ ਭੁਲਾਵਾਂ

ਜਿਹੜੇ ਤੇਰੇ ਨਾਲ ਗੁਜ਼ਾਰੇ ਉਹ ਦਿਨ ਕਿੰਝ ਭੁਲਾਵਾਂ।
ਸੰਘਣੇ ਰੁੱਖ ਦੇ ਉੱਪਰ ਧੁੱਪ ਸੀ, ਹੇਠਾਂ ਠੰਢੀਆਂ ਛਾਵਾਂ।
ਅੱਜ ਵੀ ਸੁੰਨਮਸੁੰਨੀਆਂ ਪਈਆਂ, ਸਾਰੇ ਰੁੱਖ ਹੀ ਸੁੱਕੇ,
ਤੇਰਾ ਚੇਤਾ ਕਰ-ਕਰ ਰੋਵਣ ਲੰਬੀਆਂ-ਲੰਬੀਆਂ ਰਾਹਵਾਂ।
ਜਿਹੜੀਆਂ ਮੇਰੀ ਜੰਨਤ ਬਣ ਕੇ ਇਕ ਗਲਵਕੜੀ ਦੇਵਣ,
ਕਿੱਥੋਂ ਲੈ ਕੇ ਆਵਾਂ ਦੱਸ ਜਾ ਤੇਰੀਆਂ ਗੋਰੀਆਂ ਬਾਹਵਾਂ।
ਕੁੰਡਾ ਖੋਲ੍ਹ ਕੇ ਬਾਹਰ ਝਾਕਾਂ ਸ਼ਾਇਦ ਤੂੰ ਆ ਜਾਵੇਂ,
ਕੋਠੇ ਉੱਤੇ ਤੜਕ ਸਵੇਰੇ ਕਾਂ-ਕਾਂ ਲਾਈ ਕਾਵਾਂ।
ਜਿਨ੍ਹਾਂ ਦੇ ਵਿਚ ਯਾਦ ਤਿਰੀ ਦੀ ਮੱਧਮ ਸੁੰਦਰ ਲੋਅ ਸੀ,
ਕੱਲਾ-ਕੱਲਾ ਤਾਰਾ ਅੰਬਰੋਂ ਰਾਤੀਂ ਤੋੜ ਲਿਆਵਾਂ।
ਤੇਰੀ ਦਿਲਕਸ਼ ਆਦਤ ਵਿੱਚੋਂ ਫਿਰ ਆਉਂਦੀ ਸੀ ਖੁਸ਼ਬੂ,
ਫੁੱਲਾਂ ਦੇ ਨਾਲ ਖਹਿ ਕੇ ਜਾਵਣ ਸਰ-ਸਰ ਤੇਜ਼ ਹਵਾਵਾਂ।
ਸੁੱਕੇ ਰੁੱਖਾਂ ਵਾਲੀ ਸਾਰੀ ਹਾਲਤ ਵੇਖ ਲਈ ਜਦ,
ਜ਼ੋਰਾ-ਜ਼ੋਰੀ ਵਰ੍ਹ ਗਈਆਂ ਨੇ ਔੜਾਂ ਵਿੱਚ ਘਟਾਵਾਂ।
ਖੁੱਭ ਜਾਂਦਾ ਏ ਦਿਲ ਵਿਚ ਖੰਜਰ, ਅੱਖਾਂ ਵਿੱਚ ਸ਼ਰਾਰੇ,
ਤੇਰੇ ਉੱਠਣ-ਬੈਠਣ ਵਾਲੀਆਂ ਵੇਖਾਂ ਜਦ ਓ ਥਾਵਾਂ।
ਬਿਲਕੁਲ ਓਦਾਂ ਹੀ ਤੂੰ ਮੈਨੂੰ ਘੁੱਟ ਕੇ ਜੱਫੀ ਪਾਵੇਂ,
ਤਸਵੀਰ ਤੇਰੀ ਮੈਂ ਜਦ ਵੀ ਵੇਖਾਂ ਵਾਜਾਂ ਮਾਰ ਬੁਲਾਵਾਂ।
ਆਪੇ ਇਕ ਜਨਾਜ਼ਾ ਬਣ ਕੇ, ਜਾ ਕੇ ਮੜ੍ਹੀਆਂ ਤੀਕਰ,
ਆਪਣੇ ਮੋਢਿਆਂ ਉੱਤੇ ਆਪਣੀ ਅਰਥੀ ਆਪ ਉਠਾਵਾਂ।
ਚੱਲ ਚਿੱਤਰ ਦੇ ਵਾਂਗੂੰ ਸਾਰਾ ਇੱਕ ਹਕੀਕਤ ਲੱਗੇ,
ਐਲਬਮ ਵਿੱਚੋਂ ਤਸਵੀਰਾਂ ਵੇਖਾਂ ਜੋ ਤੂੰ ਲਈਆਂ ਲਾਵਾਂ।
ਸ਼ਾਇਦ ਮੇਰੀ ਕਿਸਮਤ ਦੇ ਵਿਚ ਏਦਾਂ ਲਿਖਿਆ ਹੋਇਆ,
ਏਨਾ ਸਾਰਾ ਸੁੱਖ ਦੇ ਕੇ ਰੱਬ ਦਿੱਤੀਆਂ ਫੇਰ ਸਜ਼ਾਵਾਂ।
ਏਦਾਂ ਲਗਦਾ ਮੇਰੇ ਹੱਥਾਂ ਦੇ ਵਿਚ ਤੇਰੇ ਹੱਥ ਨੇ,
ਜਦ ਰਸੋਈ ਦੇ ਵਿਚ ਜਾ ਕੇ ਰੋਟੀ ਆਪ ਬਣਾਵਾਂ।
ਤੇਰਾ ਰੁਖ਼ਸਤ ਹੋਣਾ ਮੇਰੇ ਸੀਨੇ ਦੇ ਵਿਚ ਪੀੜਾ,
ਬਾਲਮ ਅੱਜ ਪਤਾ ਲੱਗਾ ਏ ਬਣਦੀਆਂ ਕਿੰਝ ਕਥਾਵਾਂ।



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਜੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280